Australian Government

# ਕਰੋਨਾਵਾਇਰਸ ਬਾਰੇ ਗਲਤ ਜਾਣਕਾਰੀ ਅਤੇ ਸੱਚਾਈਆਂ (COVID-19)

ਜਿਵੇਂ ਕਿ ਆਸਟ੍ਰੇਲੀਆ COVID-19 ਮਹਾਂਮਾਰੀ ਦਾ ਲਗਾਤਾਰ ਜਵਾਬ ਦੇ ਰਿਹਾ ਹੈ, ਸਾਨੂੰ ਵਾਇਰਸ ਨਾਲ ਸਬੰਧਤ ਵੱਡੀ ਮਾਤਰਾ ਵਿੱਚ ਜਾਣਕਾਰੀ ਨੂੰ ਵੇਖਣ ਦੀ ਚੁਣੌਤੀ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਵਿੱਚੋਂ ਕੁਝ ਜਾਣਕਾਰੀ ਝੂਠੀ ਅਤੇ ਸੰਭਾਵਿਤ ਤੌਰ 'ਤੇ ਨੁਕਸਾਨਦੇਹ ਹੋ ਸਕਦੀ ਹੈ। ਇਸ ਨੂੰ ਗਲਤ ਜਾਣਕਾਰੀ ਕਿਹਾ ਜਾਂਦਾ ਹੈ।

ਗਲਤ ਜਾਣਕਾਰੀ ਵਿਆਪਕ ਅਤੇ ਤੇਜ਼ੀ ਨਾਲ ਫੈਲ ਸਕਦੀ ਹੈ, ਅਤੇ ਜਨਤਾ ਲਈ ਗਲਤ ਜਾਣਕਾਰੀ ਅਤੇ ਤਸਦੀਕ ਸ਼ੁਦਾ ਤੱਥਾਂ ਅਤੇ ਸਲਾਹ ਦੇ ਵਿੱਚਕਾਰ ਪਛਾਣ ਕਰਨਾ ਮੁਸ਼ਕਿਲ ਬਣਾ ਸਕਦੀ ਹੈ।

COVID-19 ਦੀਆਂ ਨਵੀਆਂ ਤਾਜ਼ਾ ਜਾਣਕਾਰੀਆਂ ਅਤੇ ਵਿਕਾਸਾਂ ਦੇ ਰੋਜ਼ਾਨਾ ਵਾਪਰਨ ਦੇ ਨਾਲ, ਸਵਾਲ ਜਾਂ ਸ਼ੰਕੇ ਖੜ੍ਹੇ ਹੋਣਾ ਆਮ ਗੱਲ ਹੈ, ਅਤੇ ਲੋਕ ਸੰਭਵ ਤੌਰ 'ਤੇ COVID-19 ਅਤੇ ਟੀਕੇ ਲਗਵਾਉਣ ਬਾਰੇ ਝਿਜਕ ਮਹਿਸੂਸ ਕਰਦੇ ਹਨ। ਇਸ ਦਸਤਾਵੇਜ਼ ਦਾ ਉਦੇਸ਼ COVID-19 ਟੀਕਿਆਂ ਨਾਲ ਸਬੰਧਿਤ ਆਮ ਤੌਰ 'ਤੇ ਪੁੱਛੇ ਗਏ ਸਵਾਲਾਂ ਅਤੇ ਗਲਤ ਜਾਣਕਾਰੀ ਦੇ ਸਟੀਕ, ਸਬੂਤ-ਆਧਾਰਿਤ ਜਵਾਬ ਪ੍ਰਦਾਨ ਕਰਨਾ ਹੈ।

ਨਵੀਨਤਮ ਤਾਜ਼ਾ ਜਾਣਕਾਰੀਆਂ ਅਤੇ ਸਿਫਾਰਸ਼ਾਂ ਵਾਸਤੇ ਕਿਰਪਾ ਕਰਕੇ www.health.gov.au ਜਾਂ https://covid19inlanguage.homeaffairs.gov.au/ ਉੱਤੇ ਜਾਓ

## COVID-19 ਇਕ ਧੋਖਾ ਹੈ

**ਗਲਤ ਜਾਣਕਾਰੀ** COVID-19 ਇਕ ਧੋਖਾ ਹੈ।

**ਤੱਥ** COVID-19 ਨੋਵਲ ਕਰੋਨਾਵਾਇਰਸ (SARS-CoV-2) ਕਰਕੇ ਹੁੰਦਾ ਹੈ, ਜੋ ਵਾਇਰਸਾਂ ਦੇ ਇਕ ਵੱਡੇ ਪਰਿਵਾਰ ਦਾ ਹਿੱਸਾ ਹੈ, ਜੋ ਮਨੁੱਖਾਂ ਅਤੇ ਜਾਨਵਰਾਂ ਦੋਵਾਂ ਵਿੱਚ ਸਾਹ ਦੀਆਂ ਲਾਗਾਂ ਦਾ ਕਾਰਨ ਬਣ ਸਕਦਾ ਹੈ। ਇਹ ਲਾਗਾਂ, ਆਮ ਜ਼ੁਕਾਮ ਤੋਂ ਲੈ ਕੇ ਵਧੇਰੇ ਗੰਭੀਰ ਬਿਮਾਰੀ ਤੱਕ ਹੋ ਸਕਦੀਆਂ ਹਨ। COVID-19 ਬੂੰਦਾਂ ਦੁਆਰਾ ਅਤੇ ਦੂਸ਼ਿਤ ਤਲਾਂ ਰਾਹੀਂ ਲੋਕਾਂ ਵਿਚਕਾਰ ਫੈਲਦਾ ਹੈ।

ਦੁਨੀਆਂ ਭਰ ਵਿੱਚ ਕਈ ਵਿਗਿਆਨਕ ਅਧਿਐਨ ਦਰਸਾਉਂਦੇ ਹਨ, ਕਿ ਬਹੁਤ ਹੀ ਨਾਮਵਰ ਮਾਹਰ ਪ੍ਰਯੋਗਸ਼ਾਲਾਵਾਂ ਨੇ COVID-19 ਦਾ ਕਾਰਨ ਬਣੇ ਵਾਇਰਸ ਨੂੰ ਅਲੱਗ-ਥਲੱਗ ਅਤੇ ਤਰਤੀਬਵਾਰ ਕੀਤਾ ਹੈ, ਜੋ ਇਹ ਦਰਸਾਉਂਦਾ ਹੈ ਕਿ ਵਾਇਰਸ ਮੌਜੂਦ ਹੈ, ਕਿ ਇਹ ਇਨਫਲੂਐਂਜ਼ਾ ਵਾਇਰਸ ਤੋਂ ਵੱਖਰਾ ਹੈ, ਅਤੇ ਇਹ ਬਿਮਾਰੀ ਦਾ ਕਾਰਨ ਬਣਦਾ ਹੈ, ਜਿਸ ਦੇ ਨਤੀਜੇ ਵਜੋਂ ਸਿਰਫ 18 ਮਹੀਨਿਆਂ ਵਿੱਚ ਦੁਨੀਆਂ ਭਰ ਵਿੱਚ ਚਾਰ ਮਿਲੀਅਨ ਤੋਂ ਵੱਧ ਮੌਤਾਂ ਹੋਈਆਂ ਹਨ।

ਆਸਟ੍ਰੇਲੀਆ ਵਿੱਚ, ਪੀਟਰ ਡੋਹਰਟੀ ਇੰਸਟੀਟਿਊਟ ਫਾਰ ਇਨਫੈਕਸ਼ਨ ਐਂਡ ਇਮਿਊਨਿਟੀ ਵਿਖੇ ਵਿਕਟੋਰੀਆ ਦੀ ਛੂਤ ਦੀਆਂ ਬਿਮਾਰੀਆਂ ਦੀ ਹਵਾਲਾ ਪ੍ਰਯੋਗਸ਼ਾਲਾ (VIDRL), SARS-CoV-2 ਨੂੰ ਅਲੱਗ-ਥਲੱਗ ਕਰਨ ਵਾਲੀਆਂ ਪਹਿਲੀਆਂ ਪ੍ਰਯੋਗਸ਼ਾਲਾਵਾਂ ਵਿੱਚੋਂ ਇਕ ਸੀ। VIDRL ਨੇ COVID-19 ਲਈ ਬਿਮਾਰੀ ਲੱਭਣ ਦੇ ਟੈਸਟਾਂ ਦੇ ਵਿਕਾਸ, ਪ੍ਰਮਾਣਿਕਤਾ ਅਤੇ ਤਸਦੀਕ ਨੂੰ ਸਮਰੱਥ ਬਨਾਉਣ ਲਈ ਆਸਟ੍ਰੇਲੀਆ ਦੀਆਂ ਹੋਰ ਪ੍ਰਯੋਗਸ਼ਾਲਾਵਾਂ, ਵਿਸ਼ਵ ਸਿਹਤ ਸੰਗਠਨ ਅਤੇ ਹੋਰ ਦੇਸ਼ਾਂ ਨਾਲ ਅਲੱਗ-ਥਲੱਗ ਕੀਤਾ ਵਾਇਰਸ ਸਾਂਝਾ ਕੀਤਾ।

ਆਸਟ੍ਰੇਲੀਆ ਖੁਸ਼ਕਿਸਮਤ ਹੈ ਕਿ SARS-CoV-2 ਦਾ ਪਤਾ ਲਗਾਉਣ ਅਤੇ ਪੁਸ਼ਟੀ ਕਰਨ ਦੀ ਸਮਰੱਥਾ ਅਤੇ ਉਚਿਤ ਮਾਨਤਾ ਦੇ ਨਾਲ, ਜਨਤਕ ਅਤੇ ਨਿੱਜੀ ਪੈਥੋਲੋਜੀ ਪ੍ਰਯੋਗਸ਼ਾਲਾਵਾਂ ਦੇ ਮਾਹਰ ਨੈੱਟਵਰਕ ਦੁਆਰਾ ਸਹਾਇਤਾ ਪ੍ਰਦਾਨ ਕੀਤੀ ਗਈ ਹੈ। ਇਨ੍ਹਾਂ ਪ੍ਰਯੋਗਸ਼ਾਲਾਵਾਂ ਦੀ ਟੈਸਟਿੰਗ ਸਮਰੱਥਾ ਨੂੰ ਉਪਰ ਚੁੱਕਣ ਦੀ ਯੋਗਤਾ ਆਸਟ੍ਰੇਲੀਆ ਵਿੱਚ ਬਿਮਾਰਾਂ ਦੀ ਗਿਣਤੀ

ਨੂੰ ਥੱਲੇ ਲਿਆਉਣ ਅਤੇ ਹੋਰ ਦੇਸ਼ਾਂ ਵਿੱਚ ਵੇਖੀਆਂ ਗਈਆਂ ਵਿਨਾਸ਼ਕਾਰੀ ਲਾਗ ਦੀਆਂ ਦਰਾਂ ਤੋਂ ਬਚਣ ਲਈ ਜ਼ਰੂਰੀ ਰਹੀ ਹੈ। COVID-19 ਵਾਲੇ ਲੋਕਾਂ ਦੀ ਗਿਣਤੀ ਅਤੇ ਇਸ ਬਿਮਾਰੀ ਨਾਲ ਹੋਣ ਵਾਲੀਆਂ ਮੌਤਾਂ ਦੀ ਗਿਣਤੀ ਬਾਰੇ ਜਾਣਕਾਰੀ ਆਸਟ੍ਰੇਲੀਆ ਅਤੇ ਦੁਨੀਆਂ ਭਰ ਵਿੱਚ ਇਕੱਠੀ ਕੀਤੀ ਜਾਂਦੀ ਹੈ। ਤੁਸੀਂ www.health.gov.au ਵਿਖੇ ਰੋਜ਼ਾਨਾ COVID-19 ਆਸਟ੍ਰੇਲੀਆ ਨਾਲ ਸਬੰਧਿਤ ਡੈਟੇ ਦੀ ਜਾਂਚ ਕਰ ਸਕਦੇ ਹੋ

## ਵੈਕਸੀਨ

**ਗਲਤ ਜਾਣਕਾਰੀ** COVID-19 ਟੀਕਿਆਂ ਨੂੰ ਬਹੁਤ ਤੇਜ਼ੀ ਨਾਲ ਵਿਕਸਤ ਕੀਤਾ ਗਿਆ ਸੀ, ਇਹਨਾਂ ਦੀ ਸਹੀ ਤਰੀਕੇ ਨਾਲ ਜਾਂਚ ਨਹੀਂ ਕੀਤੀ ਗਈ ਸੀ ਅਤੇ ਇਹ ਅਸੁਰੱਖਿਅਤ ਹਨ।

**ਤੱਥ** COVID-19 ਟੀਕੇ ਗੁਣਵੱਤਾ, ਸੁਰੱਖਿਆ ਅਤੇ ਪ੍ਰਭਾਵਸ਼ੀਲਤਾ ਨਾਲ ਸਮਝੌਤਾ ਕੀਤੇ ਬਿਨਾਂ ਤੇਜ਼ੀ ਨਾਲ ਵਿਕਸਤ ਕੀਤੇ ਗਏ ਹਨ।

ਦੁਨੀਆਂ ਭਰ ਦੇ ਖੋਜਕਰਤਾ ਮਹਾਂਮਾਰੀ ਦੇ ਸ਼ੁਰੂਆਤੀ ਪੜਾਵਾਂ ਤੋਂ COVID-19 ਟੀਕਿਆਂ ਨੂੰ ਵਿਕਸਤ ਕਰਨ ਲਈ ਸਖਤ ਮਿਹਨਤ ਕਰ ਰਹੇ ਹਨ। ਉਹ ਵਿਗਿਆਨੀਆਂ, ਨਿਰਮਾਤਾਵਾਂ ਅਤੇ ਵੰਡਣ ਵਾਲਿਆਂ ਦੇ ਵਿਚਕਾਰ ਸਹਿਯੋਗ ਦੀ ਬਦੌਲਤ ਟੀਕਿਆਂ ਦੇ ਵਿਕਾਸ ਨੂੰ ਤੇਜ਼ ਕਰਨ ਦੇ ਯੋਗ ਹੋਏ ਹਨ।

ਬੇਮਿਸਾਲ ਗਲੋਬਲ ਮਾਲੀ ਸਹਾਇਤਾ ਨੇ COVID-19 ਟੀਕਿਆਂ ਦੇ ਵਿਕਾਸ ਅਤੇ ਲਾਗੂ ਕਰਨ ਦੀ ਯੋਜਨਾਬੰਦੀ ਦੇ ਪੜਾਵਾਂ ਨੂੰ ਇਕ ਤੋਂ ਬਾਅਦ ਇਕ ਦੀ ਬਜਾਏ ਨਾਲੋ-ਨਾਲ ਚਲਾਉਣ ਦੀ ਆਗਿਆ ਦਿੱਤੀ ਹੈ। ਵਿਕਸਿਤ ਕੀਤੇ ਜਾ ਰਹੇ ਜ਼ਿਆਦਾਤਰ COVID-19 ਟੀਕਿਆਂ ਨੇ ਹੁਣ ਤੱਕ ਹਜ਼ਾਰਾਂ ਲੋਕ ਆਪਣੇ ਕਲੀਨਿਕੀ ਪਰਖਾਂ ਵਿੱਚ ਸ਼ਾਮਲ ਕੀਤੇ ਹਨ।

ਇਸ ਤੋਂ ਇਲਾਵਾ, ਮਹਾਂਮਾਰੀ ਦਾ ਜਵਾਬ ਕਿਵੇਂ ਦੇਣਾ ਹੈ ਇਸ ਬਾਰੇ ਖੋਜ, COVID-19 ਤੋਂ ਪਹਿਲਾਂ ਹੀ ਵਾਪਰ ਰਹੀ ਸੀ। ਇਹ ਖੋਜ 2002 ਵਿੱਚ SARS ਅਤੇ 2012 ਵਿੱਚ MERS ਵਰਗੇ ਪਿਛਲੇ ਕਰੋਨਾਵਾਇਰਸਾਂ ਦੇ ਅੰਕੜਿਆਂ ਨੂੰ ਵੇਖਦੀ ਹੈ, ਜਦੋਂ COVID-19 ਟੀਕੇ ਬਨਾਉਣ ਦੀ ਗੱਲ ਆਉਂਦੀ ਹੈ, ਤਾਂ ਇਸ ਖੋਜਕਰਤਾਵਾਂ ਨੂੰ ਸ਼ੁਰੂਆਤੀ ਤਾਕਤ ਦਿੰਦੀ ਹੈ।

ਆਸਟ੍ਰੇਲੀਆ ਵਿੱਚ, ਚਿਕਿਤਸਕ ਵਸਤੂਆਂ ਦਾ ਪ੍ਰਸ਼ਾਸਨ (TGA) ਸੁਰੱਖਿਆ, ਗੁਣਵੱਤਾ ਅਤੇ ਪ੍ਰਭਾਵਸ਼ੀਲ ਵਰਤੋਂ ਲਈ ਮਨਜ਼ੂਰੀ ਤੋਂ ਪਹਿਲਾਂ ਸੰਭਾਵਿਤ COVID-19 ਟੀਕਿਆਂ ਦਾ ਸਖਤੀ ਨਾਲ ਮੁਲਾਂਕਣ ਕਰਦਾ ਹੈ। TGA ਲਗਾਤਾਰ COVID-19 ਦੇ ਟੀਕਿਆਂ ਦੀ ਸੁਰੱਖਿਆ ਦੀ ਨਿਗਰਾਨੀ ਕਰ ਰਿਹਾ ਹੈ, ਅਤੇ ਉਹ ਇਹ ਯਕੀਨੀ ਬਨਾਉਣ ਲਈ ਹਰੇਕ COVID-19 ਵੈਕਸੀਨ ਬੈਚ ਦੀ ਵੀ ਜਾਂਚ ਕਰਦੇ ਹਨ, ਕਿ ਇਹ ਇੱਕੋ ਜਿਹੇ ਗੁਣਵੱਤਾ ਦੇ ਮਿਆਰਾਂ ਨੂੰ ਪੂਰਾ ਕਰਦਾ ਹੈ।

**ਗਲਤ ਜਾਣਕਾਰੀ** COVID-19 ਟੀਕੇ ਖਤਰਨਾਕ ਹਨ ਅਤੇ COVID-19 ਨਾਲੋਂ ਵੈਕਸੀਨ ਦੇ ਮਾੜੇ ਅਣਚਾਹੇ ਅਸਰਾਂ ਨਾਲ ਵਧੇਰੇ ਲੋਕ ਮਰ ਜਾਣਗੇ।

**ਤੱਥ** COVID-19 ਵੈਕਸੀਨ ਦੇ ਲਾਭ ਇਸ ਦੇ ਖਤਰਿਆਂ ਨਾਲੋਂ ਕਿਤੇ ਵੱਧ ਹਨ। ਫਾਈਜ਼ਰ/ਬਾਇਓਐਨਟੈੱਕ (ਕੋਮੀਰਨਾਟੀ) ਅਤੇ ਐਸਟਰਾਜ਼ੈਨੇਕਾ (ਵੈਕਸਜ਼ੇਵਰੀਆ) ਦੇ ਕਲੀਨਿਕੀ ਪਰੀਖਣਾਂ ਨੇ, COVID-19 ਲੱਛਣਾਂ ਦੇ ਵਿਕਾਸ ਅਤੇ ਗੰਭੀਰ ਬਿਮਾਰੀ ਹੋਣ ਨੂੰ ਰੋਕਣ ਵਿੱਚ ਇਹਨਾਂ ਨੂੰ ਪ੍ਰਭਾਵਸ਼ਾਲੀ ਵਿਖਾਇਆ ਹੈ।

ਟੀਕਾਕਰਨ ਦੇ ਆਮ ਅਣਚਾਹੇ ਅਸਰਾਂ ਵਿੱਚ ਥਕਾਵਟ, ਸਿਰ ਦਰਦ, ਸਰੀਰ ਵਿੱਚ ਦਰਦ ਅਤੇ ਬੁਖਾਰ ਸ਼ਾਮਲ ਹਨ। ਵਧੇਰੇ ਗੰਭੀਰ ਅਣਚਾਹੇ ਅਸਰਾਂ ਵਿੱਚ ਸ਼ਾਮਲ ਹਨ, ਐਨਾਫਾਈਲੈਕਸਿਸ ਅਤੇ ਇਕ ਦੁਰਲੱਭ ਅਵਸਥਾ ਜਿਸ ਨੂੰ ਥ੍ਰੋਮਬੋਸਾਈਟੋਪੇਨੀਆ ਸਿੰਡਰੋਮ (TTS) ਕਿਹਾ ਜਾਂਦਾ ਹੈ ਜੋ COVID-19 ਵੈਕਸੀਨ ਐਸਟਰਾਜ਼ੈਨੇਕਾ ਨਾਲ ਜੁੜਿਆ ਹੋਇਆ ਹੈ। TTS ਜਾਂ ਵੈਕਸੀਨ ਦੁਆਰਾ ਪੈਦਾ ਹੋਈ ਥ੍ਰੋਮਬੋਟਿਕ ਥ੍ਰੋਮਬੋਸਾਈਟੋਪੇਨੀਆ (VITT) ਇਕ ਦੁਰਲੱਭ ਨਵੀਂ ਪਛਾਣੀ ਅਵਸਥਾ ਹੈ, ਜਿਸ ਵਿੱਚ

ਥ੍ਰੋਮਬੋਸਿਸ ਦੇ ਹੋਰ ਕਾਰਨਾਂ ਲਈ ਇਕ ਵੱਖਰੀ ਵਿਧੀ ਹੈ। ਕੇਸਾਂ ਦੀਆਂ ਰਿਪੋਰਟਾਂ ਵਿੱਚ, TTS ਵਾਸਤੇ ਵਧੇ ਹੋਏ ਖਤਰੇ ਵਾਸਤੇ ਕੋਈ ਜਾਣੀਆਂ-ਪਛਾਣੀਆਂ ਨਿਸ਼ਾਨਦੇਹੀਆਂ ਨਹੀਂ ਹਨ।

TTS ਵਿੱਚ ਖ਼ੂਨ ਦੇ ਗਤਲੇ (ਥ੍ਰੋਮਬੋਸਿਸ) ਅਤੇ ਖ਼ੂਨ ਦੇ ਪਲੇਟਲੈੱਟਾਂ (ਥ੍ਰੋਮਬੋਸਾਈਟੋਪੇਨੀਆ) ਦੇ ਘੱਟ ਪੱਧਰ ਸ਼ਾਮਲ ਹੁੰਦੇ ਹਨ, ਜੋ ਸਰੀਰ ਦੇ ਵੱਖ-ਵੱਖ ਹਿੱਸਿਆਂ ਵਿੱਚ ਵਾਪਰ ਸਕਦੇ ਹਨ।

ਕੁੱਲ ਮਿਲਾ ਕੇ, TTS ਹੋਣ ਦੇ ਅਣਚਾਹੇ ਅਸਰ ਵਜੋਂ ਇਸ ਦੀ ਬਹੁਤ ਘੱਟ ਸੰਭਾਵਨਾ ਹੈ। ਆਸਟ੍ਰੇਲੀਆ ਵਿੱਚ TTS ਦੇ ਖਤਰੇ ਦਾ ਅਨੁਮਾਨ 60 ਸਾਲ ਤੋਂ ਘੱਟ ਉਮਰ ਦੇ ਲੋਕਾਂ ਵਿੱਚ ਲਗਭਗ 100,000 ਐਸਟਰਾਜ਼ੈਨੇਕਾ ਖ਼ੁਰਾਕਾਂ ਵਿੱਚ ਲਗਭਗ 2.9 ਹੈ, ਅਤੇ ਉਹਨਾਂ 60 ਸਾਲਾਂ ਅਤੇ ਇਸ ਤੋਂ ਵੱਡੀ ਉਮਰ ਦੇ 100,000 ਵਿੱਚ ਲਗਭਗ 1.8 ਹੈ। TTS ਐਸਟਰਾਜ਼ੈਨੇਕਾ ਦੀ ਦੂਜੀ ਖ਼ੁਰਾਕ ਤੋਂ ਬਾਅਦ ਦੁਰਲੱਭ ਜਾਪਦਾ ਹੈ, ਜਿਸ ਵਿੱਚ ਬਰਤਾਨੀਆ (UK) ਦੇ ਅੰਕੜੇ 1.5 ਪ੍ਰਤੀ ਦਸ ਲੱਖ ਦੂਜੀਆਂ ਖ਼ੁਰਾਕਾਂ ਦੀ ਦਰ ਨੂੰ ਦਰਸਾਉਂਦੇ ਹਨ।

TTS ਮਾਮਲਿਆਂ ਵਿੱਚੋਂ, ਜਿਨ੍ਹਾਂ ਨੂੰ TGA ਦੁਆਰਾ ਪੁਸ਼ਟੀ ਜਾਂ ਸੰਭਾਵਿਤ ਵਜੋਂ ਸ਼੍ਰੇਣੀਬੱਧ ਕੀਤਾ ਗਿਆ ਹੈ, ਬਹੁਗਿਣਤੀ ਨੂੰ ਹਸਪਤਾਲ ਤੋਂ ਛੁੱਟੀ ਦੇ ਦਿੱਤੀ ਗਈ ਹੈ। ਵੈਕਸੀਨ ਲੋਕਾਂ ਨੂੰ ਲਗਾਉਣ ਦੀ ਸ਼ੁਰੂਆਤ ਤੋਂ ਲੈ ਕੇ 26 ਅਗਸਤ 2021 ਤੱਕ, COVID-19 ਟੀਕਿਆਂ ਦੀਆਂ 171 ਲੱਖ ਤੋਂ ਵੱਧ ਖ਼ੁਰਾਕਾਂ ਦਿੱਤੀਆਂ ਗਈਆਂ ਹਨ। TGA ਨੇ ਉਹਨਾਂ ਲੋਕਾਂ ਵਿੱਚ ਮੌਤਾਂ ਦੀਆਂ ਵੱਡੀ ਗਿਣਤੀ ਵਿੱਚ ਰਿਪੋਰਟਾਂ ਪ੍ਰਾਪਤ ਕੀਤੀਆਂ ਹਨ, ਅਤੇ ਸਮੀਖਿਆ ਕੀਤੀ ਹੈ ਜਿੰਨ੍ਹਾਂ ਨੂੰ ਹਾਲ ਹੀ ਵਿੱਚ ਟੀਕੇ ਲਗਾਏ ਗਏ ਹਨ, ਅਤੇ ਕੇਵਲ ਸੱਤ (7) ਕੇਸ ਮਿਲੇ ਹਨ ਜੋ ਟੀਕਾਕਰਨ ਨਾਲ ਜੁੜੇ ਹੋਏ ਸਨ। ਇਹ ਮੌਤਾਂ ਐਸਟਰਾਜ਼ੈਨੇਕਾ ਵੈਕਸੀਨ ਦੀ ਪਹਿਲੀ ਖ਼ੁਰਾਕ ਨਾਲ ਸਬੰਧਤ ਸਨ - ਛੇ TTS ਕੇਸ ਸਨ, ਅਤੇ ਇਕ ਇਮਿਊਨ ਥ੍ਰੋਮਬੋਸਾਈਟੋਪੇਨੀਆ ਦਾ ਮਾਮਲਾ ਸੀ।

ਉਹ ਲੋਕ ਜਿੰਨ੍ਹਾਂ ਦਾ ਖ਼ੂਨ ਦੇ ਗਤਲਿਆਂ ਦਾ ਨਿੱਜੀ ਇਤਿਹਾਸ ਜਾਂ ਪਰਿਵਾਰਕ ਇਤਿਹਾਸ ਹੈ, ਉਹਨਾਂ ਵਿੱਚ ਖ਼ੂਨ ਦੇ ਗਤਲਿਆਂ ਵਾਸਤੇ ਖਤਰੇ ਵਾਲੇ ਕਾਰਕ ਹੁੰਦੇ ਹਨ, ਜਾਂ ਜੋ ਐਂਟੀਕੋਗੂਲੈਂਟ ਦਵਾਈ ਲੈਂਦੇ ਹਨ, ਉਹ ਐਸਟਰਾਜ਼ੈਨੇਕਾ ਲਗਵਾ ਸਕਦੇ ਹਨ। ਸਾਵਧਾਨੀ ਵਜੋਂ ਗਤਲੇ ਦੇ ਵਿਕਾਰਾਂ ਵਾਲੇ ਲੋਕਾਂ ਦਾ ਇਕ ਬਹੁਤ ਛੋਟਾ ਜਿਹਾ ਸਮੂਹ ਹੈ, ਜਿੰਨ੍ਹਾਂ ਨੂੰ ਬਦਲਵੀਂ COVID-19 ਵੈਕਸੀਨ ਮਿਲਣੀ ਚਾਹੀਦੀ ਹੈ।

ਜੇ ਤੁਸੀਂ ਕਿਸੇ ਵੈਕਸੀਨ ਤੋਂ ਅਣਚਾਹੇ ਅਸਰ ਦਾ ਅਨੁਭਵ ਕਰਦੇ ਹੋ, ਤਾਂ ਕਿਸੇ ਸਿਹਤ ਪੇਸ਼ੇਵਰ ਤੋਂ ਸਹਾਇਤਾ ਲਓ ਅਤੇ ਇਸ ਦੀ ਰਿਪੋਰਟ TGA (ਫ਼ੋਨ 1300 134 237) ਨੂੰ ਕਰੋ।

## **ਗਲਤ ਜਾਣਕਾਰੀ** COVID-19 ਵੈਕਸੀਨ ਲੋਕਾਂ ਨੂੰ ਲਗਾਉਣਾ, ਤੁਹਾਡੇ DNA ਨੂੰ ਇਕੱਠਾ ਕਰਨ ਦਾ ਇਕ ਤਰੀਕਾ ਹੈ।

**ਤੱਥ** ਟੀਕਾਕਰਨ ਪ੍ਰਕਿਰਿਆ ਦੌਰਾਨ DNA ਇਕੱਠਾ ਕਰਨ ਦਾ ਕੋਈ ਇਰਾਦਾ ਨਹੀਂ ਹੈ, ਅਤੇ ਨਾ ਕਦੇ ਰਿਹਾ ਹੈ।

ਆਸਟ੍ਰੇਲੀਆ ਦੀਆਂ ਸਰਕਾਰਾਂ ਦੇ COVID-19 ਵੈਕਸੀਨ ਲੋਕਾਂ ਨੂੰ ਲਗਾਉਣ ਦਾ ਉਦੇਸ਼ ਆਸਟ੍ਰੇਲੀਆ ਦੇ ਲੋਕਾਂ ਦੀ ਸਿਹਤ ਦੀ ਰੱਖਿਆ ਕਰਨਾ, ਵਿਅਕਤੀਆਂ ਨੂੰ ਗੰਭੀਰ ਬਿਮਾਰੀ ਅਤੇ SARS-CoV-2 ਵਾਇਰਸ ਨਾਲ ਮੌਤ ਹੋਣ ਤੋਂ ਰੋਕਣ ਲਈ COVID-19 ਟੀਕੇ ਪ੍ਰਦਾਨ ਕਰਨਾ ਹੈ।

ਆਸਟ੍ਰੇਲੀਆ ਵਿੱਚ ਵਰਤੋਂ ਲਈ ਮਨਜ਼ੂਰ ਕੀਤੇ COVID-19 ਟੀਕੇ ਇਕ ਮਾਸਪੇਸ਼ੀ ਵਿੱਚ ਟੀਕੇ ਦੁਆਰਾ ਲਗਾਏ ਜਾਂਦੇ ਹਨ, ਆਮ ਤੌਰ 'ਤੇ ਉੱਪਰਲੀ ਬਾਂਹ ਦੇ ਡੌਲੇ ਵਾਲੀ ਮਾਸਪੇਸ਼ੀ ਵਿੱਚ। ਤੁਹਾਡੇ ਸਰੀਰ ਤੋਂ ਕੁਝ ਵੀ ਨਹੀਂ ਕੱਢਿਆ ਗਿਆ ਹੈ, ਜਿਸ ਵਿੱਚ ਤੁਹਾਡਾ DNA ਵੀ ਸ਼ਾਮਲ ਹੈ। COVID-19 ਟੀਕੇ ਤੁਹਾਡੇ ਜੀਨਾਂ ਜਾਂ DNA ਨੂੰ ਵੀ ਨਹੀਂ ਬਦਲ ਸਕਦੇ।

**ਗਲਤ ਜਾਣਕਾਰੀ** COVID-19 ਟੀਕੇ ਬਾਂਝਪਣ ਦਾ ਕਾਰਨ ਬਣਦੇ ਹਨ।

**ਤੱਥ** ਇਸ ਗੱਲ ਦਾ ਸਮਰਥਨ ਕਰਨ ਲਈ ਕੋਈ ਵਿਗਿਆਨਕ ਸਬੂਤ ਨਹੀਂ ਹੈ, ਕਿ ਇਸ ਸਮੇਂ ਚਿਕਿਤਸਕ ਵਸਤੂਆਂ ਦੇ ਪ੍ਰਸ਼ਾਸਨ (TGA) ਦੁਆਰਾ ਮਨਜ਼ੂਰ ਕੀਤੇ ਗਏ COVID-19 ਟੀਕਿਆਂ ਵਿੱਚੋਂ ਕੋਈ ਵੀ ਨਸਬੰਦੀ ਅਤੇ/ਜਾਂ ਬਾਂਝਪਣ ਦਾ ਕਾਰਨ ਬਣਦਾ ਹੈ। TGA ਆਸਟ੍ਰੇਲੀਆ ਵਿੱਚ ਵਰਤੋਂ ਲਈ ਵੈਕਸੀਨ ਨੂੰ ਉਦੋਂ ਤੱਕ ਮਨਜ਼ੂਰੀ ਨਹੀਂ ਦੇਵੇਗਾ, ਜਦੋਂ ਤੱਕ ਇਹ ਸੁਰੱਖਿਅਤ ਅਤੇ ਪ੍ਰਭਾਵਸ਼ਾਲੀ ਨਹੀਂ ਹੁੰਦਾ। ਇਸ ਵਿੱਚ ਉਪਜਾਊ ਸ਼ਕਤੀ 'ਤੇ ਹੋਣ ਵਾਲੇ ਪ੍ਰਭਾਵ ਸ਼ਾਮਲ ਹਨ। COVID-19 ਵੈਕਸੀਨ, ਹੋਰ ਟੀਕਿਆਂ ਵਾਂਗ, ਭਵਿੱਖ ਦੀ ਬਿਮਾਰੀ ਨੂੰ ਰੋਕਣ ਲਈ, COVID-19 ਦਾ ਕਾਰਨ ਬਣਨ ਵਾਲੇ ਵਾਇਰਸ ਦੇ ਵਿਰੁੱਧ ਲੜਨ ਲਈ, ਸਾਡੇ ਸਰੀਰਾਂ ਨੂੰ ਐਂਟੀਬਾਡੀਜ਼ ਵਿਕਸਤ ਕਰਨ ਦੀ ਸਿਖਲਾਈ ਦੇ ਕੇ ਕੰਮ ਕਰਦੀ ਹੈ। ਇਸ ਸਮੇਂ ਇਸ ਗੱਲ ਦਾ ਕੋਈ ਸਬੂਤ ਨਹੀਂ ਹੈ, ਕਿ COVID-19 ਟੀਕਾਕਰਨ ਤੋਂ ਬਣੀਆਂ ਐਂਟੀਬਾਡੀਆਂ ਗਰਭ-ਅਵਸਥਾ ਵਿੱਚ ਕੋਈ ਸਮੱਸਿਆਵਾਂ ਦਾ ਕਾਰਨ ਬਣਦੀਆਂ ਹਨ, ਜਿਸ ਵਿੱਚ ਪਲੇਸੈਂਟਾ ਦਾ ਵਿਕਾਸ ਵੀ ਸ਼ਾਮਲ ਹੈ।

**ਗਲਤ ਜਾਣਕਾਰੀ** COVID-19 ਟੀਕੇ ਤੁਹਾਡੇ DNA ਨੂੰ ਬਦਲ ਦਿੰਦੇ ਹਨ।

**ਤੱਥ** COVID-19 ਟੀਕੇ ਤੁਹਾਡੇ DNA ਨੂੰ ਨਹੀਂ ਬਦਲਦੇ। ਟੀਕੇ ਸਰੀਰ ਦੇ ਕੁਦਰਤੀ ਬਚਾਅ ਨਾਲ ਰਲ ਕੇ ਕੰਮ ਕਰਦੇ ਹਨ, ਤਾਂ ਜੋ COVID-19 ਬਿਮਾਰੀ ਪ੍ਰਤੀ ਪ੍ਰਤੀਰੋਧਤਾ ਵਿਕਸਤ ਕਰਨ ਵਿੱਚ ਮਦਦ ਕੀਤੀ ਜਾ ਸਕੇ।

ਇਸ ਸਮੇਂ ਆਸਟ੍ਰੇਲੀਆ ਵਿੱਚ ਮਨਜ਼ੂਰ ਕੀਤੀਆਂ ਅਤੇ ਵਰਤੋਂ ਵਿੱਚ ਲਿਆਂਦੀਆਂ ਜਾ ਰਹੀਆਂ ਵੈਕਸੀਨ ਹਨ – ਫਾਈਜ਼ਰ ਵੈਕਸੀਨ ਅਤੇ ਮੌਡਰਨਾ ਵੈਕਸੀਨ, ਜੋ ਇਕ mRNA ਪਲੇਟਫਾਰਮ ਦੀ ਵਰਤੋਂ ਕਰਦੀਆਂ ਹਨ, ਅਤੇ ਐਸਟਰਾਜ਼ੈਨੇਕਾ ਵੈਕਸੀਨ ਜੋ ਇਕ ਵਾਇਰਲ ਵੈਕਟਰ ਪਲੇਟਫਾਰਮ ਦੀ ਵਰਤੋਂ ਕਰਦੀ ਹੈ।

ਵੈਕਟਰ ਵੈਕਸੀਨ ਇਕ ਨੁਕਸਾਨ ਰਹਿਤ, ਜਾਨਵਰਾਂ ਦੇ ਕਮਜ਼ੋਰ ਵਾਇਰਸ ਦੀ ਵਰਤੋਂ ਕਰਦੇ ਹਨ, ਜਿਸ ਵਿੱਚ ਕਰੋਨਾਵਾਇਰਸ ਲਈ ਵਿਲੱਖਣ ਪ੍ਰੋਟੀਨ ਵਾਸਤੇ ਅਣੂਵਾਂਸ਼ਿਕ ਕੋਡ ਹੁੰਦਾ ਹੈ, ਆਮ ਤੌਰ 'ਤੇ ਸਪਾਈਕ ਪ੍ਰੋਟੀਨ, ਜਦੋਂ ਕਿ mRNA ਟੀਕੇ ਕਰੋਨਾਵਾਇਰਸ ਦੇ ਵਿਸ਼ੇਸ਼ ਸਪਾਈਕ ਪ੍ਰੋਟੀਨ ਦੇ ਉਤਪਾਦਨ ਨੂੰ ਭੜਕਾਉਣ ਲਈ RNA ਨਾਮਕ ਅਣੂਵਾਂਸ਼ਿਕ ਕੋਡ ਦੀ ਵਰਤੋਂ ਕਰਦੇ ਹਨ। ਕੋਈ ਵੀ ਵੈਕਸੀਨ ਤੁਹਾਡੇ DNA ਨੂੰ ਨਹੀਂ ਬਦਲ ਸਕਦੀ।

ਇਕ ਆਮ COVID-19 ਵੈਕਸੀਨ ਦੀ ਮਿੱਥ ਝੂਠਾ ਦਾਅਵਾ ਕਰਦੀ ਹੈ, ਕਿ mRNA ਟੀਕੇ ਤੁਹਾਡੇ DNA ਨੂੰ ਬਦਲ ਸਕਦੇ ਹਨ, ਜੋ ਕਿ ਸੱਚ ਨਹੀਂ ਹੈ। mRNA ਟੀਕੇ ਕਰੋਨਾਵਾਇਰਸ ਦੇ ਵਿਸ਼ੇਸ਼ ਸਪਾਈਕ ਪ੍ਰੋਟੀਨ ਦੇ ਉਤਪਾਦਨ ਨੂੰ ਪ੍ਰੇਰਿਤ ਕਰਨ ਲਈ RNA ਨਾਮਕ ਅਣੂਵਾਂਸ਼ਿਕ ਕੋਡ ਦੀ ਵਰਤੋਂ ਕਰਦੇ ਹਨ। ਇਕ ਵਾਰ ਜਦੋਂ mRNA ਸਰੀਰ ਦੇ ਸੈੱਲਾਂ ਵਿੱਚ ਦਾਖਲ ਹੋ ਜਾਂਦਾ ਹੈ, ਤਾਂ ਸੈੱਲ ਸਪਾਈਕ ਪ੍ਰੋਟੀਨ ਬਨਾਉਣ ਲਈ RNA ਵਿੱਚ ਸ਼ਾਮਲ ਹਿਦਾਇਤਾਂ ਦੀ ਵਰਤੋਂ ਕਰਦੇ ਹਨ। ਸੈੱਲ ਆਪਣੇ ਤਲ 'ਤੇ ਸਪਾਈਕ ਪ੍ਰੋਟੀਨ ਨੂੰ ਪ੍ਰਦਰਸ਼ਿਤ ਕਰਦੇ ਹਨ, ਅਤੇ mRNA ਨੂੰ ਤੋੜਦੇ ਹਨ ਜੋ ਵੈਕਸੀਨ ਦੁਆਰਾ ਦਿੱਤਾ ਗਿਆ ਸੀ। ਇਮਿਊਨ ਸੈੱਲ ਫਿਰ ਸਪਾਈਕ ਪ੍ਰੋਟੀਨ ਨੂੰ ਵਿਦੇਸ਼ੀ ਵਜੋਂ ਪਛਾਣਦੇ ਹਨ, ਅਤੇ ਇਸ ਦੇ ਵਿਰੁੱਧ ਪ੍ਰਤੀਰੋਧਤਾ ਪ੍ਰਤੀਕਿਰਿਆ ਬਨਾਉਣਾ ਸ਼ੁਰੂ ਕਰਦੇ ਹਨ। ਵੈਕਸੀਨ ਤੋਂ RNA ਕਿਸੇ ਵੀ ਤਰ੍ਹਾਂ ਸਾਡੇ DNA ਨੂੰ ਨਹੀਂ ਬਦਲਦਾ ਜਾਂ ਇਸ ਨਾਲ ਗੱਲਬਾਤ ਨਹੀਂ ਕਰਦਾ।

**ਗਲਤ ਜਾਣਕਾਰੀ** COVID-19 ਟੀਕੇ ਤੁਹਾਨੂੰ ਇੰਟਰਨੈੱਟ, ਵਾਈ-ਫਾਈ, 5ਜੀ ਜਾਂ ਬਲਿਊਟੁੱਥ ਨਾਲ ਜੋੜ ਸਕਦੇ ਹਨ।

**ਤੱਥ** COVID-19 ਟੀਕੇ ਤੁਹਾਨੂੰ ਇੰਟਰਨੈੱਟ, ਵਾਈ-ਫਾਈ, 5ਜੀ, ਬਲਿਊਟੁੱਥ, ਜਾਂ ਕਿਸੇ ਵੀ ਕਿਸਮ ਦੀ ਵਾਇਰਲੈੱਸ ਨਾਲ ਜੁੜਣ ਦੇ ਯੋਗ ਨਹੀਂ ਬਣਾਉਂਦੇ, ਅਤੇ ਇਹ ਨਹੀਂ ਕਰ ਸਕਦੇ ਹਨ।

ਵਿਕਸਤ ਕੀਤੇ ਜਾ ਰਹੇ ਕੁਝ mRNA ਟੀਕਿਆਂ ਵਿੱਚ ਹਾਈਡਰੋਜੈੱਲ ਨਾਮਕ ਸਮੱਗਰੀ ਦੀ ਵਰਤੋਂ ਸ਼ਾਮਲ ਹੈ, ਜੋ ਵੈਕਸੀਨ ਨੂੰ ਹੌਲੀ ਹੌਲੀ ਸਾਡੇ ਸੈੱਲਾਂ ਵਿੱਚ ਖਿੰਡਾਉਣ ਵਿੱਚ ਮਦਦ ਕਰ ਸਕਦੀ ਹੈ। ਬਾਇਓ-ਇੰਜੀਨੀਅਰਾਂ ਨੇ ਕਈ ਸਾਲਾਂ ਤੋਂ ਵੱਖ-ਵੱਖ ਤਰੀਕਿਆਂ ਨਾਲ ਇਸੇ ਤਰ੍ਹਾਂ ਦੇ ਹਾਈਡਰੋਜੈੱਲਾਂ ਦੀ ਵਰਤੋਂ ਕੀਤੀ ਹੈ। ਉਦਾਹਰਣ ਲਈ, ਉਨ੍ਹਾਂ ਨੇ ਸਾਡੇ ਸਰੀਰ ਦੇ ਅੰਦਰ ਰੱਖਣ

ਤੋਂ ਬਾਅਦ ਸਟੈੱਮ ਸੈੱਲਾਂ ਨੂੰ ਜਿਉਂਦੇ ਰਹਿਣ ਵਿੱਚ ਮਦਦ ਕਰਨ ਲਈ ਉਨ੍ਹਾਂ ਦੀ ਵਰਤੋਂ ਕੀਤੀ ਹੈ। ਇਸ ਕਾਰਨ, ਕੁਝ ਲੋਕਾਂ ਦਾ ਮੰਨਣਾ ਹੈ ਕਿ ਇਲੈਕਟ੍ਰੌਨਿਕ ਇੰਪਲਾਂਟਾਂ ਲਈ ਹਾਈਡਰੋਜੈੱਲਾਂ ਦੀ ਲੋੜ ਹੁੰਦੀ ਹੈ, ਜੋ ਇੰਟਰਨੈੱਟ ਨਾਲ ਜੁੜ ਸਕਦੇ ਹਨ।

ਫਾਈਜ਼ਰ/ਬਾਇਓਐਨਟੈੱਕ ਵੈਕਸੀਨ (ਕੋਮੀਰਨਾਟੀ) ਹਾਈਡਰੋਜੈੱਲਾਂ ਨੂੰ ਇਕ ਹਿੱਸੇ ਵਜੋਂ ਨਹੀਂ ਵਰਤਦੀ। ਫਾਈਜ਼ਰ/ਬਾਇਓਐਨਟੈੱਕ ਵੈਕਸੀਨ ਵਿੱਚ mRNAਐਨ ਦਾ ਇਕ ਟੁਕੜਾ ਹੁੰਦਾ ਹੈ ਜਿਸ ਨੂੰ ਲਿਪਿਡ (ਚਰਬੀ) ਦੀ ਬੂੰਦ ਵਿੱਚ ਲਪੇਟਿਆ ਜਾਂਦਾ ਹੈ। ਲਿਪਿਡ, ਵੈਕਸੀਨ ਨੂੰ ਸਾਡੇ ਸੈੱਲਾਂ ਵਿੱਚ ਦਾਖਲ ਹੋਣ ਵਿੱਚ ਮਦਦ ਕਰਦਾ ਹੈ, ਕਿਉਂਕਿ ਸਾਡੇ ਸੈੱਲਾਂ ਨੂੰ ਇਕੱਠਿਆਂ ਰੱਖਣ ਵਾਲੀ ਝਿੱਲੀ ਵੀ ਜ਼ਿਆਦਾਤਰ ਲਿਪਿਡ ਨਾਲ ਬਣਾਈ ਜਾਂਦੀ ਹੈ। ਵੈਕਸੀਨ ਅਤੇ ਝਿੱਲੀ ਆਸਾਨੀ ਨਾਲ ਜਜ਼ਬ ਕਰ ਸਕਦੀ ਹੈ, ਜੋ mRNA ਨੂੰ ਸੈੱਲ ਦੇ ਅੰਦਰ ਜਮ੍ਹਾਂ ਕਰ ਸਕਦੀ ਹੈ।

## **ਗਲਤ ਜਾਣਕਾਰੀ** COVID-19 ਟੀਕਿਆਂ ਵਿੱਚ ਮਾਈਕਰੋਚਿਪ ਜਾਂ ਟਰੈਕਿੰਗ ਤਕਨਾਲੋਜੀ ਦਾ ਰੂਪ ਹੁੰਦਾ ਹੈ।

**ਤੱਥ** ਮਨਜ਼ੂਰਸ਼ੁਦਾ COVID-19 ਟੀਕਿਆਂ ਵਿੱਚ ਕਿਸੇ ਵੀ ਕਿਸਮ ਦਾ ਸੌਫਟਵੇਅਰ ਜਾਂ ਮਾਈਕਰੋਚਿਪ ਨਹੀਂ ਹੁੰਦਾ। ਉਨ੍ਹਾਂ ਦੀ ਵਰਤੋਂ ਲੋਕਾਂ ਦੀ ਪੈੜ ਦੱਬਣ (ਨੂੰ ਟਰੈਕ ਕਰਨ) ਲਈ ਨਹੀਂ ਕੀਤੀ ਜਾ ਸਕਦੀ।

ਚਿਕਿਤਸਕ ਵਸਤੂਆਂ ਦੇ ਪ੍ਰਸ਼ਾਸਨ (TGA) ਵੈੱਬਸਾਈਟ 'ਤੇ ਉਪਲਬਧ ਉਤਪਾਦ ਜਾਣਕਾਰੀ, ਹਰੇਕ ਵੈਕਸੀਨ ਵਿੱਚ ਸਾਰੇ ਅੰਸ਼ਾਂ ਦੀ ਸੂਚੀ ਦਿੰਦੀ ਹੈ। ਜੇ ਕੋਈ ਸੁਰੱਖਿਆ ਚਿੰਤਾਵਾਂ ਪੈਦਾ ਹੁੰਦੀਆਂ ਹਨ, TGA ਗੁਣਵੱਤਾ ਨੂੰ ਯਕੀਨੀ ਬਨਾਉਣ ਅਤੇ ਨਿਗਰਾਨੀ ਕਰਨ ਲਈ ਵਰਤੋਂ ਤੋਂ ਪਹਿਲਾਂ ਸਾਰੇ ਟੀਕਿਆਂ ਦੇ ਬੈਚਾਂ ਦੀ ਜਾਂਚ ਕਰਦਾ ਹੈ।

## **ਗਲਤ ਜਾਣਕਾਰੀ** COVID-19 ਟੀਕੇ ਤੁਹਾਨੂੰ COVID-19 ਨਾਲ ਬਿਮਾਰ ਕਰ ਦਿੰਦੇ ਹਨ।

**ਤੱਥ** ਆਸਟ੍ਰੇਲੀਆ ਵਿੱਚ ਮਨਜ਼ੂਰ ਸ਼ੁਦਾ ਟੀਕਿਆਂ ਵਿੱਚੋਂ ਕਿਸੇ ਵਿੱਚ ਵੀ ਜਿਉਂਦਾ ਵਾਇਰਸ ਨਹੀਂ ਹੈ। ਇਸ ਦਾ ਮਤਲਬ ਇਹ ਹੈ ਕਿ ਉਹ ਤੁਹਾਨੂੰ COVID-19 ਨਾਲ ਬਿਮਾਰ ਨਹੀਂ ਕਰ ਸਕਦੇ।

COVID-19 ਟੀਕਿਆਂ ਤੋਂ ਕੁਝ ਅਣਚਾਹੇ ਅਸਰ, ਜਿਵੇਂ ਕਿ ਬੁਖਾਰ ਅਤੇ ਥਕਾਵਟ COVID-19 ਦੇ ਲੱਛਣਾਂ ਦੀ ਨਕਲ ਕਰ ਸਕਦੇ ਹਨ। ਇਹ ਲੱਛਣ ਆਮ ਹਨ, ਅਤੇ ਇਹ ਇਸ ਗੱਲ ਦਾ ਸੰਕੇਤ ਹਨ, ਕਿ ਸਰੀਰ ਵਾਇਰਸ ਤੋਂ ਸੁਰੱਖਿਆ ਬਣਾ ਰਿਹਾ ਹੈ ਜੋ COVID-19 ਦਾ ਕਾਰਨ ਬਣਦਾ ਹੈ।

ਵੈਕਸੀਨ ਦੀ ਹਰੇਕ ਖੁਰਾਕ ਤੋਂ ਬਾਅਦ ਪ੍ਰਤੀਰੋਧਤਾ (COVID-19 ਦਾ ਕਾਰਨ ਬਣਨ ਵਾਲੇ ਵਾਇਰਸ ਤੋਂ ਸੁਰੱਖਿਆ) ਬਨਾਉਣ ਲਈ ਆਮ ਤੌਰ 'ਤੇ ਤੁਹਾਡੇ ਸਰੀਰ ਨੂੰ ਘੱਟੋ ਘੱਟ 2 ਹਫਤਿਆਂ ਦਾ ਸਮਾਂ ਲੱਗਦਾ ਹੈ। ਇਸ ਦਾ ਮਤਲਬ ਇਹ ਹੈ, ਕਿ ਇਹ ਸੰਭਵ ਹੈ ਕਿ ਕੋਈ ਵਿਅਕਤੀ ਟੀਕਾਕਰਨ ਤੋਂ ਠੀਕ ਪਹਿਲਾਂ ਜਾਂ ਠੀਕ ਬਾਅਦ COVID-19 ਨਾਲ ਬਿਮਾਰ ਹੋ ਸਕਦਾ ਹੈ, ਅਤੇ ਅਜੇ ਵੀ ਬਿਮਾਰ ਹੋ ਸਕਦਾ ਹੈ।

ਕਿਸੇ ਵਿਅਕਤੀ ਲਈ COVID-19 ਨਾਲ ਲਾਗ ਗ੍ਰਸਤ ਹੋਣਾ ਵੀ ਸੰਭਵ ਹੈ, ਭਾਵੇਂ ਉਹਨਾਂ ਨੂੰ ਪੂਰੀ ਤਰ੍ਹਾਂ ਟੀਕੇ ਲਗਾਏ ਜਾਂਦੇ ਹਨ, ਪਰ ਇਸ ਦੀ ਸੰਭਾਵਨਾ ਕਾਫ਼ੀ ਘੱਟ ਹੁੰਦੀ ਹੈ।

ਇਹ ਮਹੱਤਵਪੂਰਣ ਹੈ ਕਿ ਤੁਹਾਨੂੰ ਵੈਕਸੀਨ ਦੀਆਂ ਦੋਵੇਂ ਖੁਰਾਕਾਂ ਮਿਲਦੀਆਂ ਹਨ, ਅਤੇ ਇਹ ਯਕੀਨੀ ਬਨਾਉਣਾ ਚਾਹੀਦਾ ਹੈ ਕਿ ਜੇ ਤੁਹਾਨੂੰ ਕੋਈ COVID-19 ਦੇ ਲੱਛਣ ਹਨ, ਤਾਂ ਤੁਸੀਂ ਅਲੱਗ-ਥਲੱਗ ਹੋ ਜਾਓ ਅਤੇ ਟੈਸਟ ਕਰਵਾਓ।

## **ਗਲਤ ਜਾਣਕਾਰੀ** COVID-19 ਟੀਕੇ, ਬਿਨਾਂ ਟੀਕੇ ਲੱਗੇ ਲੋਕਾਂ ਨੂੰ ਪ੍ਰਭਾਵਿਤ ਕਰਨ ਲਈ ਇਸ ਨੂੰ 'ਫੈਲਾਅ' ਸਕਦੇ ਹਨ।

**ਤੱਥ** COVID-19 ਟੀਕੇ, ਬਿਨਾਂ ਟੀਕੇ ਲੱਗੇ ਲੋਕਾਂ ਨੂੰ ਪ੍ਰਭਾਵਿਤ ਕਰਨ ਲਈ ਇਸ ਨੂੰ 'ਫੈਲਾਅ' ਨਹੀਂ ਸਕਦੇ। ਇਸ ਤਰ੍ਹਾਂ ਕਰਨਾ ਸੰਭਵ ਨਹੀਂ ਹੈ। ਅਜਿਹਾ ਉਹਨਾਂ ਵੈਕਸੀਨਾਂ ਨਾਲ ਹੀ ਵਾਪਰ ਸਕਦਾ ਹੈ, ਜੋ ਕਮਜ਼ੋਰ, ਵਾਇਰਸ ਦੇ ਜਿਊਂਦਾ ਰੂਪਾਂ ਦੀ ਵਰਤੋਂ ਕਰਦੀਆਂ ਹਨ। ਆਸਟ੍ਰੇਲੀਆ ਵਿੱਚ ਵਰਤੋਂ ਲਈ ਮਨਜ਼ੂਰ ਕੀਤੇ ਗਏ COVID-19 ਟੀਕਿਆਂ ਵਿੱਚੋਂ ਕਿਸੇ ਵਿੱਚ ਵੀ ਕਰੋਨਾਵਾਇਰਸ ਦੇ ਜਿਉਂਦਾ ਰੂਪ ਨਹੀਂ ਹੈ।

**ਗਲਤ ਜਾਣਕਾਰੀ** COVID-19 ਵੈਕਸੀਨ, ਕਰੋਨਾਵਾਇਰਸ ਦੀਆਂ ਬਦਲੀਆਂ ਹੋਈਆਂ ਕਿਸਮਾਂ ਦੇ ਵਿਰੁੱਧ ਕੰਮ ਨਹੀਂ ਕਰਦੀ।

**ਤੱਥ** ਸਾਰੇ ਵਾਇਰਸ ਬਦਲ ਜਾਂਦੇ ਹਨ। COVID-19 ਕੋਈ ਵੱਖਰਾ ਨਹੀਂ ਹੈ, ਅਤੇ ਹਾਲ ਹੀ ਵਿੱਚ ਮੀਡੀਆ ਵਿੱਚ ਵਾਇਰਸ ਦੇ ਨਵੇਂ ਰੂਪਾਂ ਬਾਰੇ ਰਿਪੋਰਟਾਂ ਆਈਆਂ ਹਨ। ਇਸ ਦਾ ਮਤਲਬ ਇਹ ਨਹੀਂ ਹੈ ਕਿ ਟੀਕੇ ਨਵੀਆਂ ਕਿਸਮਾਂ 'ਤੇ ਪ੍ਰਭਾਵਸ਼ਾਲੀ ਨਹੀਂ ਹੋਣਗੇ।

ਸਾਰੇ ਟੀਕੇ ਜੋ ਇਸ ਸਮੇਂ ਆਸਟ੍ਰੇਲੀਆ ਅਤੇ ਹੋਰ ਦੇਸ਼ਾਂ ਵਿੱਚ ਵਰਤੋਂ ਲਈ ਮਨਜ਼ੂਰ ਕੀਤੇ ਗਏ ਹਨ, ਨੇ ਵਿਖਾਇਆ ਹੈ ਕਿ ਉਹ SARS-CoV-2 ਵਾਇਰਸ ਦੇ ਕਿਸੇ ਵੀ ਰੂਪ ਤੋਂ ਗੰਭੀਰ ਬਿਮਾਰੀ ਨੂੰ ਰੋਕਣ ਵਿੱਚ ਬਹੁਤ ਪ੍ਰਭਾਵਸ਼ਾਲੀ ਹਨ, ਜੋ ਹੁਣ ਤੱਕ ਸਾਹਮਣੇ ਆਏ ਹਨ।

TGA ਇਸ ਨੂੰ ਉਨ੍ਹਾਂ ਦੀ ਮਨਜ਼ੂਰੀ ਅਤੇ ਨਿਗਰਾਨੀ ਪ੍ਰਕਿਰਿਆਵਾਂ ਦੇ ਹਿੱਸੇ ਵਜੋਂ ਨੇੜਿਓਂ ਵੇਖਣਾ ਜਾਰੀ ਰੱਖਦਾ ਹੈ। ਇਸ ਦਾ ਮਤਲਬ ਇਹ ਹੋ ਸਕਦਾ ਹੈ ਕਿ ਲੋਕਾਂ ਨੂੰ ਟੈਟਨਸ ਅਤੇ ਕਾਲੀ ਖਾਂਸੀ ਵਰਗੇ ਬੂਸਟਰ ਸ਼ਾਟਾਂ ਦੀ ਲੋੜ ਹੁੰਦੀ ਹੈ, ਜਾਂ ਇਸ ਦਾ ਮਤਲਬ ਇਹ ਹੋ ਸਕਦਾ ਹੈ ਕਿ ਸਾਨੂੰ ਦੁਬਾਰਾ ਟੀਕੇ ਲਗਵਾਉਣ ਦੀ ਲੋੜ ਹੈ - ਜਿਵੇਂ ਕਿ ਅਸੀਂ ਹਰ ਸਾਲ ਫਲੂਅ ਵੈਕਸੀਨ ਵਾਸਤੇ ਲਗਵਾਉਂਦੇ ਹਾਂ। ਖੋਜਕਰਤਾ ਅਜੇ ਵੀ ਇਸ ਦੀ ਜਾਂਚ ਕਰ ਰਹੇ ਹਨ, ਪਰ ਉਹ ਜਾਣਦੇ ਹਨ ਕਿ ਵਾਇਰਸ ਨੇ ਮੌਜੂਦਾ ਟੀਕਿਆਂ ਨੂੰ ਬੇਅਸਰ ਬਨਾਉਣ ਲਈ ਆਪਣੇ ਆਪ ਨੂੰ ਕਾਫ਼ੀ ਨਹੀਂ ਬਦਲਿਆ ਹੈ।

**ਗਲਤ ਜਾਣਕਾਰੀ** ਜੋ ਲੋਕ COVID-19 ਨਾਲ ਬਿਮਾਰ ਹੋਏ ਅਤੇ ਠੀਕ ਹੋ ਗਏ ਹਨ, ਉਹਨਾਂ ਨੂੰ ਟੀਕੇ ਲਗਵਾਉਣ ਦੀ ਲੋੜ ਨਹੀਂ ਹੈ।

**ਤੱਥ** ਜੇ ਤੁਹਾਨੂੰ ਪਹਿਲਾਂ ਹੀ COVID-19 ਹੋ ਚੁੱਕਾ ਹੈ, ਤਾਂ ਵੀ ਇਹ ਸਿਫਾਰਸ਼ ਕੀਤੀ ਜਾਂਦੀ ਹੈ ਕਿ ਤੁਹਾਨੂੰ COVID-19 ਦੀ ਗੰਭੀਰ ਬਿਮਾਰੀ ਤੋਂ ਲਗਭਗ 6 ਮਹੀਨਿਆਂ ਬਾਅਦ COVID-19 ਵੈਕਸੀਨ ਲਗਵਾ ਲੈਣੀ ਚਾਹੀਦੀ ਹੈ।

SARS-CoV-2 ਵਾਇਰਸ ਨਾਲ ਕੁਦਰਤੀ ਲਾਗ, ਮੁੜ-ਲਾਗ ਤੋਂ ਕੁਝ ਸੁਰੱਖਿਆ ਦੀ ਪੇਸ਼ਕਸ਼ ਕਰਨ ਲਈ ਪ੍ਰਤੀਰੋਧਤਾ ਨੂੰ ਉਤੇਜਿਤ ਕਰਦੀ ਹੈ, ਪਰ ਪ੍ਰਤੀਰੋਧਤਾ ਪ੍ਰਤੀਕਿਰਿਆ ਦੀ ਤਾਕਤ ਅਤੇ ਸੁਰੱਖਿਆ ਦੇ ਚੱਲਣ ਵਾਲੇ ਸਮੇਂ ਦੀ ਲੰਬਾਈ ਬਾਰੇ ਅਜੇ ਵੀ ਦੁਨੀਆਂ ਭਰ ਵਿੱਚ ਸਰਗਰਮੀ ਨਾਲ ਖੋਜ ਕੀਤੀ ਜਾ ਰਹੀ ਹੈ।

COVID-19 ਨਾਲ ਜੁੜੇ ਗੰਭੀਰ ਸਿਹਤ ਖਤਰਿਆਂ, ਅਤੇ ਇਹ ਤੱਥ ਕਿ ਵਾਇਰਸ ਦੀ ਮੁੜ ਲਾਗ ਅਤੇ ਅੱਗੇ ਦਾ ਸੰਚਾਰ ਸੰਭਵ ਹੈ, ਉਹਨਾਂ ਲੋਕਾਂ ਨੂੰ ਅਜੇ ਵੀ ਆਪਣੀ ਪ੍ਰਤੀਰੋਧਤਾ ਪ੍ਰਣਾਲੀ ਨੂੰ ਤਾਕਤਵਰ ਬਨਾਉਣ ਲਈ COVID-19 ਵੈਕਸੀਨ ਲਗਵਾਉਣ ਦੀ ਲੋੜ ਹੈ।

## ਆਸਟ੍ਰੇਲੀਆ ਦਾ ਡਾਕਟਰੀ ਹੁੰਗਾਰਾ

**ਗਲਤ ਜਾਣਕਾਰੀ** ਆਸਟ੍ਰੇਲੀਆ ਲੋੜੀਂਦੇ ਡਾਕਟਰੀ ਸਾਜ਼ੋ-ਸਾਮਾਨ ਅਤੇ ਸਪਲਾਈਆਂ (ਵੈਂਟੀਲੇਟਰ, ਮਾਸਕ, ਟੈਸਟਿੰਗ ਕਿੱਟਾਂ) ਪ੍ਰਾਪਤ ਨਹੀਂ ਕਰ ਸਕਦਾ।

**ਤੱਥ** ਆਸਟ੍ਰੇਲੀਆ ਕੋਲ ਬਹੁਤ ਸਾਰੇ ਨਿੱਜੀ ਰੱਖਿਆਤਮਕ ਸਾਜ਼ੋ-ਸਾਮਾਨ ਉਪਲਬਧ ਹਨ, ਅਤੇ ਹੋਰ ਬਹੁਤ ਸਾਰਿਆਂ ਦਾ ਇਸ ਸਮੇਂ ਆਸਟ੍ਰੇਲੀਆ ਵਿੱਚ ਵਧੇਰੇ ਉਤਪਾਦਨ ਕੀਤਾ ਜਾ ਰਿਹਾ ਹੈ ਅਤੇ ਹੋਰ ਥਾਵਾਂ ਤੋਂ ਆਸਟ੍ਰੇਲੀਆ ਪਹੁੰਚਾਏ ਜਾ ਰਹੇ ਹਨ।

ਆਸਟ੍ਰੇਲੀਆ ਦੀ ਸਰਕਾਰ ਦੀਆਂ ਸਲਾਹਕਾਰ ਕਮੇਟੀਆਂ, ਜਿਸ ਵਿੱਚ ਸੰਚਾਰੀ ਬਿਮਾਰੀਆਂ ਨੈੱਟਵਰਕ ਆਸਟ੍ਰੇਲੀਆ ਅਤੇ ਪਬਲਿਕ ਹੈਲਥ ਲੈਬਾਰਟਰੀ ਨੈੱਟਵਰਕ ਸ਼ਾਮਲ ਹਨ, COVID-19 ਟੈਸਟਿੰਗ ਪਹੁੰਚਾਂ ਅਤੇ ਲੋੜਾਂ ਬਾਰੇ ਮਾਰਗਦਰਸ਼ਨ ਦਾ ਮੁੜ ਮੁਲਾਂਕਣ ਕਰਨ ਲਈ ਅਕਸਰ ਮਿਲਦੀਆਂ ਹਨ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ COVID-19 ਮਹਾਂਮਾਰੀ ਪ੍ਰਤੀ ਸਾਡੀ ਜਨਤਕ ਸਿਹਤ ਪ੍ਰਤੀਕਿਰਿਆ ਦਾ ਸਮਰਥਨ ਕਰਨ ਲਈ ਜ਼ਰੂਰੀ ਟੈਸਟ ਕੀਤੇ ਜਾਣ, ਜੋ ਟੈਸਟ ਕਰਨ ਵਾਲੀਆਂ

ਸਪਲਾਈਆਂ, ਨਿੱਜੀ ਰੱਖਿਆਤਮਕ ਸਾਜ਼ੋ-ਸਾਮਾਨ ਅਤੇ ਹੋਰ ਡਾਕਟਰੀ ਸਪਲਾਈਆਂ ਤੱਕ ਪਹੁੰਚ ਅਤੇ ਨਿਰੰਤਰਤਾ ਨੂੰ ਯਕੀਨੀ ਬਣਾਉਂਦੀ ਹੈ।

**ਗਲਤ ਜਾਣਕਾਰੀ** ਆਸਟ੍ਰੇਲੀਆ ਦੇ ਹਸਪਤਾਲ COVID-19 ਕਾਰਨ ਵਧੀ ਹੋਈ ਮੰਗ ਦਾ ਸਾਹਮਣਾ ਨਹੀਂ ਕਰ ਸਕਣਗੇ।

**ਤੱਥ** ਆਸਟ੍ਰੇਲੀਆ ਕੋਲ ਇਕ ਵਿਸ਼ਵ-ਪੱਧਰੀ ਸਿਹਤ ਪ੍ਰਣਾਲੀ ਹੈ, ਜੋ ਲੋੜ ਪੈਣ 'ਤੇ COVID-19 ਮਹਾਂਮਾਰੀ ਦੌਰਾਨ ਵਾਧੂ ਮੰਗ ਨੂੰ ਪੂਰਾ ਕਰਨ ਲਈ ਚੰਗੀ ਤਰ੍ਹਾਂ ਤਿਆਰ ਹੈ। ਇਸ ਵਿੱਚ ਆਸਟ੍ਰੇਲੀਆ ਦੀ ਸਰਕਾਰ, ਰਾਜ ਅਤੇ ਕੇਂਦਰੀ ਪ੍ਰਦੇਸ਼ ਦੀਆਂ ਸਰਕਾਰਾਂ ਅਤੇ ਨਿੱਜੀ ਸਿਹਤ ਖੇਤਰ ਦਰਮਿਆਨ ਭਾਈਵਾਲੀ ਰਾਹੀਂ ਹਸਪਤਾਲਾਂ ਵਿੱਚ ਵਾਧੂ ਬਿਸਤਰੇ, ਡਾਕਟਰੀ ਸਾਜ਼ੋ-ਸਾਮਾਨ, ਸਪਲਾਈਆਂ, ਅਤੇ ਡਾਕਟਰੀ ਅਮਲੇ ਦੀ ਸਮਰੱਥਾ ਸ਼ਾਮਲ ਹੈ।

## ਟੈਸਟ ਕਰਨਾ ਅਤੇ ਇਲਾਜ

**ਗਲਤ ਜਾਣਕਾਰੀ** ਹਾਈਡ੍ਰੋਕਸੀਕਲੋਰੋਕੁਈਨ, ਆਈਵਰਮੈਕਟਿਨ, ਡੋਕਸੀਸਾਈਕਲੀਨ, ਅਤੇ ਜ਼ਿੰਕ COVID-19 ਦਾ ਸੁਰੱਖਿਅਤ ਅਤੇ ਪ੍ਰਭਾਵਸ਼ਾਲੀ ਇਲਾਜ ਅਤੇ/ਜਾਂ ਠੀਕ ਕਰਨ ਵਾਲੇ ਹਨ।

**ਤੱਥ** ਆਸਟ੍ਰੇਲੀਆ ਦੀ ਸਰਕਾਰ COVID-19 ਇਲਾਜਾਂ ਅਤੇ ਠੀਕ ਕਰਨ ਬਾਰੇ, ਵਿਸ਼ਵ ਵਿਆਪੀ ਖੋਜ ਦੀ ਨੇੜਿਓਂ ਨਿਗਰਾਨੀ ਕਰ ਰਹੀ ਹੈ। COVID-19 ਟੀਕਾਕਰਨ, COVID-19 ਲੱਛਣਾਂ ਦੇ ਵਿਕਾਸ ਨੂੰ ਰੋਕਣ ਅਤੇ ਗੰਭੀਰ ਬਿਮਾਰੀ ਤੋਂ ਬਚਾਉਣ ਦਾ ਸਭ ਤੋਂ ਪ੍ਰਭਾਵਸ਼ਾਲੀ ਤਰੀਕਾ ਬਣਿਆ ਹੋਇਆ ਹੈ।

ਇਸ ਸਮੇਂ COVID-19 ਦੀ ਰੋਕਥਾਮ ਜਾਂ ਇਲਾਜ ਲਈ ਆਈਵਰਮੈਕਟਿਨ, ਡੋਕਸੀਸਾਈਕਲੀਨ ਅਤੇ ਜ਼ਿੰਕ (ਜਾਂ ਤਾਂ ਵੱਖਰੇ ਤੌਰ 'ਤੇ, ਜਾਂ ਸੁਮੇਲ ਵਿੱਚ) ਦੀ ਸੁਰੱਖਿਅਤ ਅਤੇ ਪ੍ਰਭਾਵਸ਼ਾਲੀ ਵਰਤੋਂ ਦਾ ਸਮਰਥਨ ਕਰਨ ਲਈ ਨਾਕਾਫੀ ਸਬੂਤ ਹਨ।

ਆਸਟ੍ਰੇਲੀਆ ਦੀ ਨੈਸ਼ਨਲ COVID-19 ਕਲੀਨਿਕਲ ਸਬੂਤ ਟਾਸਕਫੋਰਸ COVID-19 ਦੇ ਇਲਾਜ ਲਈ ਹਾਈਡ੍ਰੋਕਸੀਕਲੋਰੋਕੁਈਨ,ਆਈਵਰਮੈਕਟਿਨ, ਡੋਕਸੀਸਾਈਕਲੀਨ ਜਾਂ ਜ਼ਿੰਕ ਦੀ ਵਰਤੋਂ ਦੀ ਸਿਫਾਰਸ਼ ਨਹੀਂ ਕਰਦੀ ਹੈ।

COVID-19 ਦੇ ਇਲਾਜ ਲਈ ਹਾਈਡ੍ਰੋਕਸੀਕਲੋਰੋਕੁਈਨ (ਜ਼ਿੰਕ ਦੇ ਨਾਲ ਜਾਂ ਬਿਨਾਂ) ਦੀ ਵਰਤੋਂ ਦੀ ਸਿਫਾਰਸ਼ ਨੈਤਿਕ ਮਨਜ਼ੂਰੀ ਦੇ ਨਾਲ ਬੇਤਰਤੀਬੇ ਅਜ਼ਮਾਇਸ਼ਾਂ ਤੋਂ ਬਾਹਰ ਨਹੀਂ ਕੀਤੀ ਜਾਂਦੀ। ਹਾਈਡ੍ਰੋਕਸੀਕਲੋਰੋਕੁਈਨ ਵਿੱਚ ਚੰਗੀ ਤਰ੍ਹਾਂ ਜਾਣੇ-ਪਛਾਣੇ ਖਤਰੇ ਹਨ ਜਿੰਨ੍ਹਾਂ ਦੇ ਨਤੀਜੇ ਵਜੋਂ ਦਿਲ ਦੇ ਦੌਰੇ, ਅੱਖਾਂ ਦਾ ਨੁਕਸਾਨ ਅਤੇ ਬਲੱਡ ਸ਼ੂਗਰ ਦੇ ਪੱਧਰਾਂ ਦੀ ਗੰਭੀਰ ਕਮੀ ਹੋ ਸਕਦੀ ਹੈ (ਸੰਭਾਵਿਤ ਤੌਰ 'ਤੇ ਕੋਮਾ ਵਿੱਚ ਜਾਣ ਦਾ ਕਾਰਨ ਬਣ ਸਕਦੀ ਹੈ)।

**ਗਲਤ ਜਾਣਕਾਰੀ** COVID-19 ਦਾ ਪਤਾ ਲਗਾਉਣ ਲਈ PCR (ਪੌਲੀਮਰਸੇ ਚੇਨ ਪ੍ਰਤੀਕਿਰਿਆ) ਟੈਸਟ ਭਰੋਸੇਯੋਗ ਨਹੀਂ ਹਨ ਅਤੇ ਕਰੋਨਾਵਾਇਰਸ ਨੂੰ ਹੋਰ ਬਿਮਾਰੀਆਂ, ਜਿਵੇਂ ਕਿ ਆਮ ਜ਼ੁਕਾਮ ਅਤੇ ਇਨਫਲੂਐਂਜ਼ਾ ਤੋਂ ਵੱਖ ਨਹੀਂ ਕਰ ਸਕਦੇ।

**ਤੱਥ** ਪਾਲੀਮਰਸੇ ਚੇਨ ਪ੍ਰਤੀਕਿਰਿਆ (PCR) ਟੈਸਟਾਂ ਨੂੰ ਇਕ ਭਰੋਸੇਯੋਗ ਅਤੇ ਬਹੁਤ ਹੀ ਵਿਸ਼ੇਸ਼ ਬਿਮਾਰੀ ਲੱਭਣ ਵਾਲੇ ਸੰਦ ਮੰਨਿਆ ਜਾਂਦਾ ਹੈ। PCR ਟੈਸਟ ਬਹੁਤ ਸੰਵੇਦਨਸ਼ੀਲ ਹੁੰਦੇ ਹਨ, ਅਤੇ ਨਿਊਕਲਿਕ ਐਸਿਡ ਤਰਤੀਬ ਦਾ ਪਤਾ ਲਗਾਉਂਦੇ ਹਨ, ਜੋ ਸਾਹ ਦੇ ਨਮੂਨੇ ਵਿੱਚ SARS-CoV-2 ਵਾਇਰਸ ਲਈ ਵਿਸ਼ੇਸ਼ ਹਨ। COVID-19 ਦੇ PCR ਟੈਸਟਾਂ ਨੂੰ ਵਾਇਰਲ ਜੀਨੋਮ ਦੇ ਇਕ ਟੀਚੇ ਵਾਲੇ ਖੇਤਰ ਦੀ ਭਾਲ ਕਰਨ, ਅਤੇ ਫਿਰ ਵਧਾਉਣ ਲਈ ਡਿਜ਼ਾਈਨ ਕੀਤਾ ਗਿਆ ਹੈ, ਜੋ SARS-CoV-2 ਵਾਇਰਸ ਲਈ ਵਿਸ਼ੇਸ਼ ਹੈ। ਕੋਈ ਵੀ ਟੈਸਟ 100% ਸੰਪੂਰਨ ਨਹੀਂ ਹੈ, ਪਰ ਆਸਟ੍ਰੇਲੀਆ ਵਿੱਚ ਵਰਤੇ ਜਾਂਦੇ COVID-19 ਟੈਸਟ ਬਹੁਤ ਵਿਸ਼ੇਸ਼ ਹਨ, ਅਤੇ ਕਿਸੇ ਹੋਰ ਰੋਗਾਣੂ ਵਾਸਤੇ ਸਕਾਰਾਤਮਕ ਨਤੀਜਾ ਪ੍ਰਦਾਨ ਕਰਨ ਦੀ ਸੰਭਾਵਨਾ ਨਹੀਂ ਹੈ। ਇਹ

ਸੱਚ ਹੈ ਕਿ PCR ਟੈਸਟ ਦੇ ਨਤੀਜੇ ਵਜੋਂ ਅਜੇ ਵੀ COVID-19 ਲਈ ਇਕ ਸਕਾਰਾਤਮਕ ਟੈਸਟ ਹੋ ਸਕਦਾ ਹੈ, ਜਦੋਂ ਉਹ ਮਰੀਜ਼ ਦੇ ਅੰਦਰ ਮੌਜੂਦ ਗੈਰ-ਛੂਤ ਵਾਲੀ ਵਾਇਰਲ ਸਮੱਗਰੀ ਦੇ ਕਾਰਨ ਛੂਤ ਦੀ ਮਿਆਦ ਲੰਘ ਗਈ ਹੈ।

ਕੁਝ ਲੋਕਾਂ ਨੇ ਯੂਨਾਈਟਿਡ ਸਟੇਟਸ ਸੈਂਟਰਜ਼ ਫਾਰ ਡਿਜ਼ੀਜ਼ ਕੰਟਰੋਲ ਐਂਡ ਪ੍ਰੀਵੈਨਸ਼ਨ ਤੋਂ ਮਿਲੀ ਟੈਸਟ ਕਰਨ ਵਾਲੀ ਸਲਾਹ ਵਿੱਚ ਤਬਦੀਲੀ ਨੂੰ ਗਲਤ ਸਮਝਿਆ ਹੈ, ਜਿਸ ਨੇ PCR ਟੈਸਟਾਂ ਦੀ ਵਰਤੋਂ ਬਾਰੇ ਸਲਾਹ ਪ੍ਰਦਾਨ ਕੀਤੀ ਹੈ, ਜੋ ਸਾਹ ਦੀਆਂ ਲਾਗਾਂ ਦੇ ਵੱਖ-ਵੱਖ ਵਾਇਰਲ ਕਾਰਨਾਂ ਲਈ ਕਈ ਰੋਗਾਣੂ ਟੀਚਿਆਂ ਨੂੰ ਸ਼ਾਮਲ ਕਰਦੇ ਹਨ। ਉਦਾਹਰਣਾਂ ਲਈ, ਇਹ ਟੈਸਟ ਇੱਕੋ ਸਮੇਂ COVID-19 ਅਤੇ ਇਨਫਲੂਐਂਜ਼ਾ ਵਰਗੀਆਂ ਲਾਗਾਂ ਦੀ ਪਛਾਣ ਕਰ ਸਕਦੇ ਹਨ, ਅਤੇ ਦੋਵਾਂ ਵਿਚਕਾਰ ਸਹੀ ਫਰਕ ਕਰ ਸਕਦੇ ਹਨ। ਜਿਵੇਂ ਹੀ ਉੱਤਰੀ ਅਰਧ ਗੋਲਾ ਵਧੇਰੇ ਚੱਲ ਰਹੀਆਂ ਸਾਹ ਦੀਆਂ ਲਾਗਾਂ ਨਾਲ ਸਰਦੀਆਂ ਵਿੱਚ ਦਾਖਲ ਹੁੰਦਾ ਹੈ, ਤਾਂ ਅਜਿਹਾ ਕਰਨਾ ਸਮਝਦਾਰੀ ਹੈ। ਇਹ ਨਿਯਮਿਤ ਤੌਰ 'ਤੇ ਵਾਪਰਦਾ ਹੈ, ਅਤੇ ਇਨ੍ਹਾਂ PCR ਟੈਸਟਾਂ ਦੇ ਆਉਣ ਤੋਂ ਬਾਅਦ ਆਸਟ੍ਰੇਲੀਆ ਵਿੱਚ ਮਿਆਰੀ ਅਭਿਆਸ ਚੱਲ ਰਿਹਾ ਹੈ ਜਿਸ ਵਿੱਚ ਕਈ ਟੀਚੇ ਸ਼ਾਮਲ ਹਨ। ਆਸਟ੍ਰੇਲੀਆ ਵਿੱਚ, PCR ਟੈਸਟਾਂ ਦੀ ਵਰਤੋਂ ਕਰਨਾ ਆਮ ਗੱਲ ਹੈ ਜੋ ਇਨਫਲੂਐਂਜ਼ਾ ਵਾਇਰਸਾਂ, ਪੈਰਾਇਨਫਲੂਐਂਜ਼ਾ ਵਾਇਰਸਾਂ, ਹਿਊਮਨ ਮੈਟਾਨਿਊਮੋਵਾਇਰਸ, ਰੈਸਪੀਰੇਟਰੀ ਸਿੰਕਿਟੀਅਲ ਵਾਇਰਸ ਦੇ ਨਾਲ-ਨਾਲ ਕੁਝ ਆਮ ਤੌਰ 'ਤੇ ਚੱਲ ਰਹੇ ਮਨੁੱਖੀ ਕਰੋਨਾਵਾਇਰਸਾਂ ਸਮੇਤ, ਹੋਰਾਂ ਦਾ ਸਹੀ ਪਤਾ ਲਗਾਉਣਗੇ ਜੋ SARS-COV-2 ਤੋਂ ਪਹਿਲਾਂ ਘੁੰਮ ਰਹੇ ਸਨ।

**ਗਲਤ ਜਾਣਕਾਰੀ** ਹਰ ਕਿਸੇ ਦੀ ਜਾਂਚ ਕਰਨਾ COVID-19 ਦੇ ਫੈਲਣ ਨੂੰ ਰੋਕ ਦੇਵੇਗਾ।

**ਤੱਥ** ਟੈਸਟ ਕਰਨਾ COVID-19 ਦੇ ਫੈਲਣ ਨੂੰ ਨਹੀਂ ਰੋਕਦਾ ਹੈ।

ਬਿਮਾਰੀ ਦਾ ਪਤਾ ਲਗਾਉਣ ਲਈ ਟੈਸਟ ਕਰਨਾ ਬਿਮਾਰੀ ਦੇ ਮਹਾਂਮਾਰੀ ਵਿਗਿਆਨ ਨੂੰ ਪਰਿਭਾਸ਼ਿਤ ਕਰਨ, ਕੇਸ ਅਤੇ ਸੰਪਰਕ ਲੱਭਣ ਦੇ ਪ੍ਰਬੰਧ ਨੂੰ ਸੂਚਿਤ ਕਰਨ, ਅਤੇ ਅੰਤ ਵਿੱਚ ਵਾਇਰਲ ਦੀ ਲਾਗ ਨੂੰ ਅੱਗੇ ਲਗਾਉਣ ਨੂੰ ਘਟਾਉਣ ਵਿੱਚ ਇਕ ਅਹਿਮ ਭੂਮਿਕਾ ਨਿਭਾਉਂਦਾ ਹੈ। COVID-19 ਵੈਕਸੀਨ ਭਾਈਚਾਰੇ ਵਿੱਚ COVID-19 ਦੇ ਫੈਲਣ ਨੂੰ ਰੋਕਣ ਦਾ ਸਭ ਤੋਂ ਵਧੀਆ ਤਰੀਕਾ ਹੈ।

COVID-19 ਦਾ ਨਕਾਰਾਤਮਕ ਟੈਸਟ ਕਰਨ ਦਾ ਮਤਲਬ ਇਹ ਨਹੀਂ ਹੈ, ਕਿ ਤੁਹਾਨੂੰ ਖਤਰਾ ਨਹੀਂ ਹੈ, ਜਾਂ ਤੁਸੀਂ ਦੂਜਿਆਂ ਲਈ ਖਤਰਾ ਨਹੀਂ ਹੋ। ਤੁਸੀਂ SARS-CoV-2 (ਉਹ ਵਾਇਰਸ ਜੋ COVID-19 ਦਾ ਕਾਰਨ ਬਣਦਾ ਹੈ) ਦੇ ਸੰਪਰਕ ਵਿੱਚ ਆਉਣ ਦੇ ਸ਼ੁਰੂਆਤੀ ਪੜਾਅ ਵਿੱਚ ਅਤੇ ਨਾਲ ਹੀ ਲੱਛਣ ਵਿਕਸਤ ਕਰਨ ਤੋਂ ਪਹਿਲਾਂ, COVID-19 ਵਾਸਤੇ ਨਕਾਰਾਤਮਕ ਟੈਸਟ ਕਰ ਸਕਦੇ ਹੋ। ਇਸ ਕਾਰਨ, ਚੰਗੀ ਸਾਫ-ਸਫਾਈ, ਸਰੀਰਕ ਦੂਰੀ ਦਾ ਅਭਿਆਸ ਕਰਨਾ ਅਤੇ ਬਿਮਾਰ ਮਹਿਸੂਸ ਕਰਦੇ ਸਮੇਂ ਘਰ ਵਿੱਚ ਰਹਿਣਾ ਮਹੱਤਵਪੂਰਣ ਹੈ। ਇਹ ਕਾਰਵਾਈਆਂ, ਟੀਚੇ ਵਾਲੀ ਜਾਂਚ ਦੇ ਨਾਲ, COVID-19 ਅਤੇ ਹੋਰ ਛੂਤ ਦੀਆਂ ਬਿਮਾਰੀਆਂ ਦੇ ਸੰਚਾਰ ਨੂੰ ਰੋਕਣ ਵਿੱਚ ਸਹਾਇਤਾ ਕਰ ਰਹੀਆਂ ਹਨ, ਜਿਸ ਨਾਲ ਆਸਟ੍ਰੇਲੀਆ ਦੀਆਂ ਸਿਹਤ ਪ੍ਰਣਾਲੀ 'ਤੇ ਮੰਗ ਘੱਟ ਹੋ ਰਹੀ ਹੈ।

ਪ੍ਰਯੋਗਸ਼ਾਲਾ ਅਤੇ ਟੈਸਟ ਕਰਨ ਵਾਲੀਆਂ ਜਗ੍ਹਾਵਾਂ ਵਿੱਚਲੀ ਸਮਰੱਥਾ ਦੀ ਸਥਿਰਤਾ ਦੀ ਰੱਖਿਆ ਕਰਦੇ ਹੋਏ, ਮਹਾਂਮਾਰੀ ਨਿਯੰਤਰਣ ਬਣਾਈ ਰੱਖਣ ਵਿਚਕਾਰ ਸਹੀ ਸੰਤੁਲਨ ਬਨਾਉਣ ਲਈ, ਟੈਸਟ ਕਰਨ ਨੂੰ ਧਿਆਨ ਨਾਲ ਨਿਸ਼ਾਨਾ ਬਣਾਇਆ ਜਾਣਾ ਚਾਹੀਦਾ ਹੈ।

ਆਸਟ੍ਰੇਲੀਆ ਦੀ ਸਰਕਾਰ ਇਹ ਸਿਫਾਰਸ਼ ਕਰਨਾ ਜਾਰੀ ਰੱਖਦੀ ਹੈ, ਕਿ ਲੱਛਣ-ਰਹਿਤ ਲੋਕਾਂ ਵਾਸਤੇ, ਕੰਮ ਦੀਆਂ ਜਗ੍ਹਾਵਾਂ ਵਿੱਚ ਸਕ੍ਰੀਨਿੰਗ ਪ੍ਰੋਗਰਾਮਾਂ ਸਮੇਤ ਟੈਸਟ ਕਰਨ ਦੀਆਂ ਰਣਨੀਤੀਆਂ ਨੂੰ, ਸਬੰਧਿਤ ਜਨਤਕ ਸਿਹਤ ਅਥਾਰਟੀਆਂ ਨਾਲ ਸਲਾਹ-ਮਸ਼ਵਰਾ ਕਰਕੇ ਵਿਕਸਤ ਕੀਤਾ ਜਾਵੇ। ਵਿਆਪਕ ਲੱਛਣ-ਰਹਿਤ ਟੈਸਟ ਕਰਨ ਬਾਰੇ ਆਸਟ੍ਰੇਲੀਆ ਦੀ ਸਰਕਾਰ ਦੀ ਸਥਿਤੀ ਬਾਰੇ ਵਧੇਰੇ ਜਾਣਕਾਰੀ ਵਾਸਤੇ, ਕਿਰਪਾ ਕਰਕੇ ਸਿਹਤ ਵਿਭਾਗ ਦੀ ਵੈੱਬਸਾਈਟ ਵੇਖੋ।

**Misinformation** ਗਲਤ ਜਾਣਕਾਰੀ ਟੈਸਟਿੰਗ ਕਿੱਟਾਂ ਸਹੀ ਨਹੀਂ ਹਨ।

**ਤੱਥ** ਆਸਟ੍ਰੇਲੀਆ ਵਿੱਚ, COVID-19 ਟੈਸਟ ਬਹੁਤ ਸਹੀ ਹਨ। ਆਸਟ੍ਰੇਲੀਆ ਵਿੱਚ ਵਰਤੇ ਗਏ ਸਾਰੇ ਟੈਸਟ ਕਰਨ ਵਾਲੇ ਤਰੀਕਿਆਂ ਨੂੰ ਵਿਆਪਕ ਤੌਰ 'ਤੇ ਪ੍ਰਮਾਣਿਤ ਕੀਤਾ ਗਿਆ ਹੈ। TGA ਦੁਆਰਾ ਅਤੇ ਗੁਣਵੱਤਾ ਦੇ ਭਰੋਸੇ ਵਾਲੇ ਪ੍ਰੋਗਰਾਮਾਂ ਵਿੱਚ ਲਾਜ਼ਮੀ ਹਿੱਸੇਦਾਰੀ ਰਾਹੀਂ, ਉਹਨਾਂ ਦੀ ਨੇੜਿਓਂ ਨਿਗਰਾਨੀ ਜਾਰੀ ਹੈ, ਜੋ ਵਿਸ਼ੇਸ਼ ਤੌਰ 'ਤੇ SARS-CoV-2 (ਉਹ ਵਾਇਰਸ ਜੋ COVID-19 ਦਾ ਕਾਰਨ ਬਣਦਾ ਹੈ) ਲਈ ਵਿਕਸਤ ਕੀਤੇ ਗਏ ਹਨ।

ਆਸਟ੍ਰੇਲੀਆ ਵਿੱਚ, ਪ੍ਰਯੋਗਸ਼ਾਲਾ-ਆਧਾਰਿਤ ਪਾਲੀਮਰਸੇ ਚੇਨ ਪ੍ਰਤੀਕਿਰਿਆ (PCR) ਟੈਸਟ ਕਰਨਾ, ਤੁਹਾਡੇ ਸਰੀਰ ਵਿੱਚ ਤੀਬਰ SARS-CoV-2 ਲਾਗ ਦੀ ਪਛਾਣ ਕਰਨ ਲਈ ਵਰਤਿਆ ਜਾਂਦਾ ਸੋਨੇ ਵਰਗਾ ਮਿਆਰੀ ਟੈਸਟ ਹੈ। ਟੈਸਟ ਕਰਨ ਲਈ ਇਸ ਨੂੰ ਸਾਹ ਦੇ ਨਮੂਨੇ ਨੂੰ ਇਕੱਠਾ ਕਰਨ ਦੀ ਲੋੜ ਪੈਂਦੀ ਹੈ। PCR ਟੈਸਟ ਬਹੁਤ ਸੰਵੇਦਨਸ਼ੀਲ ਹੁੰਦੇ ਹਨ, ਅਤੇ ਨਿਊਕਲਿਕ ਐਸਿਡ ਤਰਤੀਬ ਦਾ ਪਤਾ ਲਗਾਉਂਦੇ ਹਨ, ਜੋ ਸਾਹ ਦੇ ਨਮੂਨੇ ਵਿੱਚ SARS-CoV-2 ਵਾਇਰਸ ਲਈ ਵਿਸ਼ੇਸ਼ ਹਨ।

ਆਸਟ੍ਰੇਲੀਆ ਲਈ ਕਿਸੇ ਵੀ ਨਵੀਂ ਟੈਸਟ ਕਰਨ ਵਾਲੀ ਤਕਨਾਲੋਜੀ ਨੂੰ ਨਤੀਜਿਆਂ ਦੀ ਗੁਣਵੱਤਾ ਅਤੇ ਭਰੋਸੇਯੋਗਤਾ ਨੂੰ ਯਕੀਨੀ ਬਨਾਉਣ, ਅਤੇ ਇਸ ਦੀ ਕਾਨੂੰਨੀ ਸਪਲਾਈ ਨੂੰ ਸਮਰੱਥ ਬਨਾਉਣ ਲਈ TGA ਦੁਆਰਾ ਧਿਆਨ ਪੂਰਵਕ ਮੁਲਾਂਕਣ ਦੀ ਲੋੜ ਹੁੰਦੀ ਹੈ। ਨਵੀਨਤਮ ਜਾਣਕਾਰੀ ਵਾਸਤੇ ਕਿਹੜੇ COVID-19 ਟੈਸਟਾਂ ਨੂੰ ਆਸਟ੍ਰੇਲੀਅਨ ਰਜਿਸਟਰ ਆਫ ਥੈਰੇਪਿਊਟਿਕ ਗੁਡਜ਼ 'ਤੇ ਸ਼ਾਮਲ ਕੀਤਾ ਜਾਂਦਾ ਹੈ, ਕਿਰਪਾ ਕਰਕੇ TGA ਦੀ ਵੈੱਬਸਾਈਟ www.tga.gov.au ਉੱਤੇ ਜਾਓ

## ਤਾਲਾਬੰਦੀ ਅਤੇ ਮਾਸਕ

**ਗਲਤ ਜਾਣਕਾਰੀ** 'ਤਾਲਾਬੰਦੀ' ਦੀ ਮਿਆਦ COVID-19 ਦੇ ਫੈਲਣ ਨੂੰ ਰੋਕ ਦੇਵੇਗੀ।

**ਤੱਥ** ਤਾਲਾਬੰਦੀ ਭਾਈਚਾਰੇ ਵਿੱਚ COVID-19 ਦੇ ਸੰਚਾਰ ਦੀ ਦਰ ਨੂੰ ਘਟਾਉਣ ਵਿੱਚ ਮਦਦ ਕਰਦੀ ਹੈ। ਪਾਬੰਦੀਆਂ ਅਤੇ ਤਾਲਾਬੰਦੀ ਦੀ ਮਿਆਦ ਨੂੰ ਲਾਗੂ ਕਰਨਾ, ਅਤੇ ਫਿਰ ਸਾਡੀਆਂ 'ਆਮ ਜ਼ਿੰਦਗੀਆਂ' ਵੱਲ ਵਾਪਸ ਆਉਣ ਲਈ ਅਜਿਹੀਆਂ ਪਾਬੰਦੀਆਂ ਨੂੰ ਹਟਾਉਣਾ, COVID-19 ਦੇ ਫੈਲਣ ਨੂੰ ਪੂਰੀ ਤਰ੍ਹਾਂ ਨਹੀਂ ਰੋਕੇਗਾ।

COVID-19 ਦੇ ਫੈਲਣ ਨੂੰ ਹੌਲੀ ਕਰਨ ਵਿੱਚ ਮਦਦ ਕਰਨ ਦਾ ਸਭ ਤੋਂ ਪ੍ਰਭਾਵਸ਼ਾਲੀ ਤਰੀਕਾ COVID-19 ਵੈਕਸੀਨ ਲਗਵਾਉਣਾ, ਮਾਸਕ ਪਹਿਨਣਾ, ਸਰੀਰਕ ਦੂਰੀ ਬਣਾਈ ਰੱਖਣਾ, ਹੱਥਾਂ ਅਤੇ ਸਾਹ ਦੀ ਵਧੀਆ ਸਾਫ-ਸਫਾਈ, ਘਰ ਵਿੱਚ ਰਹਿਣਾ ਅਤੇ ਜੇ ਤੁਸੀਂ ਬਿਮਾਰ ਮਹਿਸੂਸ ਕਰਦੇ ਹੋ ਤਾਂ ਟੈਸਟ ਕਰਵਾਉਣਾ ਹੈ।

COVID-19 ਵਾਲੇ ਲੋਕਾਂ ਦੀ ਇਕ ਮਹੱਤਵਪੂਰਣ ਗਿਣਤੀ ਵਿੱਚ ਜਾਂ ਤਾਂ ਹਲਕੇ ਲੱਛਣ ਹੁੰਦੇ ਹਨ, ਜਾਂ ਛੂਤ ਦੀ ਮਿਆਦ ਦੌਰਾਨ ਲੱਛਣ-ਰਹਿਤ ਹੁੰਦੇ ਹਨ। ਦੋ ਹਫਤਿਆਂ ਦੀ ਥੋੜ੍ਹੀ ਜਿਹੀ ਤਾਲਾਬੰਦੀ ਮਿਆਦ ਉਹਨਾਂ ਲੋਕਾਂ ਨੂੰ ਖਤਰੇ ਵਿੱਚ ਪਾ ਦਿੰਦੀ ਹੈ, ਜੋ COVID-19 ਨਾਲ ਲੱਛਣ-ਰਹਿਤ ਹਨ, ਤਾਲਾਬੰਦੀ ਹਟਾਏ ਜਾਣ ‘ਤੇ ਅਣਜਾਣੇ ਵਿੱਚ ਹੋਰ ਲੋਕਾਂ ਨੂੰ ਵਾਇਰਸ ਲਗਾ ਸਕਦੇ ਹਨ।

ਤਾਲਾਬੰਦੀ ਰਾਜ ਅਤੇ ਕੇਂਦਰੀ ਪ੍ਰਦੇਸ਼ ਦੀ ਸਰਕਾਰ ਦੇ ਸੰਪਰਕ ਲੱਭਣ ਦਾ ਸਹਿ-ਸਮਰਥਨ ਵੀ ਕਰਦੀ ਹੈ। ਸਿਹਤ ਮਾਹਰ ਆਸਟ੍ਰੇਲੀਆ ਵਿੱਚ ਹਰ ਰੋਜ਼ ਨਵੇਂ ਮਾਮਲਿਆਂ ਦੀ ਗਿਣਤੀ, ਅਤੇ ਜਿੱਥੇ ਭਾਈਚਾਰਕ ਸੰਚਾਰ ਹੋ ਰਿਹਾ ਹੈ, ਦੀ ਨਿਗਰਾਨੀ ਕਰਨਾ ਜਾਰੀ ਰੱਖਦੇ ਹਨ। ਕਿਸੇ ਵੀ ਨਵੇਂ ਨਿਯਮਾਂ ਜਾਂ ਪਾਬੰਦੀਆਂ ਬਾਰੇ ਸਬੂਤਾਂ ਦੇ ਆਧਾਰ 'ਤੇ ਸਿਫਾਰਸ਼ਾਂ ਕੀਤੀਆਂ ਜਾਣਗੀਆਂ, ਜਿੰਨ੍ਹਾਂ ਨੂੰ ਲਾਗੂ ਕਰਨ ਦੀ ਲੋੜ ਹੈ। ਹਰ ਕਿਸੇ ਨੂੰ www.australia.gov.au ਦਾ ਦੌਰਾ ਕਰਕੇ ਮੌਜੂਦਾ ਪਾਬੰਦੀਆਂ ਬਾਰੇ ਤਾਜ਼ਾ ਜਾਣਕਾਰੀ ਰੱਖਣੀ ਚਾਹੀਦੀ ਹੈ।

**ਗਲਤ ਜਾਣਕਾਰੀ** ਮਾਸਕ COVID-19 ਲਈ ਪ੍ਰਭਾਵਸ਼ਾਲੀ ਨਹੀਂ ਹਨ ਅਤੇ/ਜਾਂ ਵਰਤਣ ਲਈ ਅਸੁਰੱਖਿਅਤ ਹਨ।

**ਤੱਥ** ਮਾਸਕ COVID-19 ਦੇ ਸੰਚਾਰ ਨੂੰ ਦਬਾਉਣ ਲਈ ਇਕ ਮੁੱਖ ਉਪਾਅ ਹਨ। ਮਾਸਕਾਂ ਨੂੰ ਇਕ ਵਿਆਪਕ ਉਪਾਵਾਂ ਦੇ ਹਿੱਸੇ ਵਜੋਂ ਵਰਤਿਆ ਜਾਣਾ ਚਾਹੀਦਾ ਹੈ, ਜਿਸ ਵਿੱਚ ਸਰੀਰਕ ਦੂਰੀ, ਭੀੜ-ਭੜੱਕੇ ਵਾਲੀਆਂ, ਬੰਦ ਜਗ੍ਹਾਵਾਂ ਅਤੇ ਨਜ਼ਦੀਕੀ ਸੰਪਰਕ ਵਾਲੇ ਹਾਲਾਤਾਂ ਤੋਂ ਬਚਣਾ, ਵਧੀਆ ਹਵਾਦਾਰੀ, ਹੱਥਾਂ ਨੂੰ ਸਾਫ਼ ਕਰਨਾ, ਛਿੱਕਾਂ ਅਤੇ ਖੰਘਾਂ ਨੂੰ ਢੱਕਣਾ, ਅਤੇ ਹੋਰ ਬਹੁਤ ਕੁਝ ਸ਼ਾਮਲ ਹੈ। ਮਾਸਕ, ਸਰੀਰਕ ਦੂਰੀ ਦਾ ਬਦਲ ਨਹੀਂ ਹੈ।

ਮਾਸਕ ਤੁਹਾਡੀਆਂ ਸਾਹ ਦੀਆਂ ਬੂੰਦਾਂ ਨੂੰ ਦੂਜਿਆਂ ਤੱਕ ਪਹੁੰਚਣ ਤੋਂ ਰੋਕਣ ਵਿੱਚ ਮਦਦ ਕਰਨ ਲਈ, ਇਕ ਸਧਾਰਣ ਰੁਕਾਵਟ ਹਨ। ਅਧਿਐਨ ਦਰਸਾਉਂਦੇ ਹਨ ਕਿ ਮਾਸਕ ਨੱਕ ਅਤੇ ਮੂੰਹ ਉੱਤੇ ਪਹਿਨੇ ਜਾਣ 'ਤੇ ਬੂੰਦਾਂ ਦੇ ਛਿੜਕਾਅ ਨੂੰ ਘੱਟ ਕਰਦੇ ਹਨ। ਮਾਸਕ ਦੀ ਵਰਤੋਂ ਕਿਸਮ ਦੇ ਆਧਾਰ 'ਤੇ, ਸਿਹਤਮੰਦ ਵਿਅਕਤੀਆਂ ਦੀ ਸੁਰੱਖਿਆ ਵਾਸਤੇ, ਜਾਂ ਅੱਗੇ ਸੰਚਾਰ ਨੂੰ ਰੋਕਣ ਲਈ ਕੀਤੀ ਜਾ ਸਕਦੀ ਹੈ।

ਇਸ ਗੱਲ ਦਾ ਕੋਈ ਸਬੂਤ ਨਹੀਂ ਹੈ ਕਿ ਮਾਸਕ ਪਹਿਨਣਾ ਅਸੁਰੱਖਿਅਤ ਹੈ, ਜਾਂ ਇਸ ਨਾਲ ਔਕਸੀਜਨ ਦੀ ਕਮੀ ਜਾਂ ਕਾਰਬਨ ਡਾਈਆਕਸਾਈਡ ($CO_2$) ਦੇ ਪੱਧਰਾਂ ਵਿੱਚ ਵਾਧੇ ਵਰਗੀਆਂ ਸਮੱਸਿਆਵਾਂ ਪੈਦਾ ਹੁੰਦੀਆਂ ਹਨ। ਸਿਹਤ ਸੰਭਾਲ ਪ੍ਰਦਾਤਿਆਂ ਨੇ ਅਜਿਹੀਆਂ ਸਮੱਸਿਆਵਾਂ ਤੋਂ ਬਿਨਾਂ ਕਈ ਸਾਲਾਂ ਤੋਂ ਲੰਬੇ ਸਮੇਂ ਲਈ ਮਾਸਕ ਪਹਿਨੇ ਹਨ।

ਸਾਰੇ ਸਿਹਤ-ਸੰਭਾਲ ਕਰਮਚਾਰੀਆਂ ਨੂੰ ਸਿਹਤ ਸੰਭਾਲ ਵਿੱਚ ਲਾਗ ਦੀ ਰੋਕਥਾਮ ਅਤੇ ਨਿਯੰਤਰਣ ਵਾਸਤੇ ਆਸਟ੍ਰੇਲੀਆ ਦੀਆਂ ਸੇਧਾਂ ਵਿੱਚ ਵਰਣਨ ਕੀਤੇ ਅਨੁਸਾਰ ਮਿਆਰੀ ਅਤੇ ਲਾਗ ਲੱਗਣ-ਆਧਾਰਿਤ ਸਾਵਧਾਨੀਆਂ ਦੀ ਪਾਲਣਾ ਕਰਨੀ ਚਾਹੀਦੀ ਹੈ। ਰਾਸ਼ਟਰੀ COVID-19 ਕਲੀਨਿਕਲ ਸਬੂਤ ਟਾਸਕਫੋਰਸ ਨੇ ਆਮ ਸਹਿਮਤੀ ਦੀ ਸਿਫਾਰਸ਼ ਪ੍ਰਦਾਨ ਕੀਤੀ ਹੈ, ਕਿ ਸ਼ੱਕੀ ਜਾਂ ਪੁਸ਼ਟੀ ਕੀਤੇ COVID-19 ਵਾਲੇ ਵਿਅਕਤੀਆਂ ਵਾਸਤੇ ਮਰੀਜ਼/ਗਾਹਕ/ਵਸਨੀਕ ਜ਼ੋਨਾਂ ਦੇ ਅੰਦਰ ਸਿੱਧੀ ਮਰੀਜ਼ ਸੰਭਾਲ ਪ੍ਰਦਾਨ ਕਰਨ ਵਾਲੇ, ਜਾਂ ਕੰਮ ਕਰਨ ਵਾਲੇ ਸਿਹਤ-ਸੰਭਾਲ ਕਰਮਚਾਰੀਆਂ ਨੂੰ P2/N95 ਖਾਸ ਸਾਹ ਵਾਲੇ ਮਾਸਕਾਂ ਤੱਕ ਪਹੁੰਚ ਹੋਣੀ ਚਾਹੀਦੀ ਹੈ।

------------------

*COVID-19 ਪ੍ਰਤੀ ਆਸਟ੍ਰੇਲੀਆ ਦੀ ਸਰਕਾਰ ਦੇ ਜਵਾਬ ਵਿੱਚ ਮੁੱਖ ਘਟਨਾਵਾਂ ਬਾਰੇ ਸੂਚਿਤ ਰਹਿਣ ਲਈ ਇਸ ਵੈੱਬਸਾਈਟ ਤੱਕ ਨਿਯਮਿਤ ਤੌਰ 'ਤੇ ਪਹੁੰਚ ਕਰੋ। SBS ਕੋਲ ਤੁਹਾਡੀ ਭਾਸ਼ਾ ਵਿੱਚ COVID-19 ਬਾਰੇ ਕਈ ਜਾਣਕਾਰੀਆਂ ਵੀ ਹਨ। ਤੁਸੀਂ ਸਰਕਾਰੀ ਜਾਣਕਾਰੀ ਦਾ ਅਨੁਵਾਦ ਕਰਨ ਲਈ ਮੋਬਾਈਲ ਫੋਨ ਐਪਾਂ ਅਤੇ ਬ੍ਰਾਊਜ਼ਰ ਐਕਸਟੈਂਸ਼ਨਾਂ ਦੀ ਵਰਤੋਂ ਵੀ ਕਰ ਸਕਦੇ ਹੋ। ਉਸ ਦੀ ਤਲਾਸ਼ ਕਰੋ ਜੋ ਤੁਹਾਡੀਆਂ ਲੋੜਾਂ ਨੂੰ ਪੂਰਾ ਕਰਦਾ ਹੈ। ਅੰਗਰੇਜ਼ੀ ਵਿੱਚ ਵਾਧੂ ਜਾਣਕਾਰੀ ਤੱਕ ਪਹੁੰਚ ਕਰਨ ਲਈ, www.australia.gov.au ਵੇਖੋ।*